ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030209
Available online at: www.armaan.org.in
DOI: https://doi.org/10.64119/armaan.vol.3.issue2.09

# AURAT DE MASLE TE SAMKALI PUNJABI KAHANI

# ਔਰਤ ਦੇ ਮਸਲੇ ਤੇ ਸਮਕਾਲੀ ਪੰਜਾਬੀ ਕਹਾਣੀ

**ਪ੍ਰੋ. ਕੁਲਵਿੰਦਰ ਸਿੰਘ** (Prof. Kulwinder Singh)

**ਸਹਾਇਕ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)

**ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ (ਪੰਜਾਬ)।**

Email ID: kulwinder.mmc@gmail.com **ਮੋਬਾਈਲ**: +91-99140-00325

**ਸਾਰ (Abstract)**

*ਭਾਰਤੀ ਸਮਾਜ ਅੰਦਰ ਔਰਤ ਦੀ ਸਥਿਤੀ ਨੂੰ ਵੱਖ-ਵੱਖ ਪੱਖਾਂ ਤੋਂ ਪੇਸ਼ ਕੀਤਾ ਗਿਆ ਹੈ। ਵੱਖ-ਵੱਖ ਦੌਰਾਂ ਅੰਦਰ ਉਸਦੀ ਵਿਅਕਤੀਗਤ ਪਹਿਚਾਣ, ਸਮਾਜਿਕ ਭੂਮਿਕਾ ਅਤੇ ਉਸਦੇ ਮਾਨਵੀ ਅਧਿਕਾਰਾਂ ਦੀ ਪਛਾਣ ਲਈ ਪ੍ਰਮੁੱਖ ਪੰਜਾਬੀ ਕਹਾਣੀਆਂ ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਔਰਤ ਹੋਂਦ ਦੇ ਵਿਭਿੰਨ ਮਸਲਿਆਂ ਅਤੇ ਸਮੱਸਿਆਵਾਂ ਨੂੰ ਸਮਝਣ ਲਈ ਉਪ ਵਰਗਾਂ ਵਿਚ ਵੰਡ ਕਰਕੇ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸ਼ਹਿਰੀ ਔਰਤ ਅਤੇ ਪੇਂਡੂ ਔਰਤ ਦੀ ਸਥਿਤੀ ਅਤੇ ਸਮੱਸਿਆਵਾਂ ਨੂੰ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਪੱਖ ਤੋਂ ਵਿਚਾਰਿਆ ਗਿਆ ਹੈ। ਸਿੱਖਿਆਂ ਦੇ ਅਧਿਕਾਰ, ਕਾਨੂੰਨੀ ਹੱਕ ਅਤੇ ਆਰਥਿਕ ਆਜ਼ਾਦੀ ਨੇ ਔਰਤ ਨੂੰ ਆਪਣੀ ਸੁਤੰਤਰ ਹੋਂਦ ਬਣਾਉਣ ਲਈ ਜਾਗ੍ਰਿਤ ਕੀਤਾ ਹੈ। ਭਾਰਤੀ ਸਮਾਜ ਇਕ ਪੁਰਸ਼ ਪ੍ਰਧਾਨ ਸਮਾਜ ਹੋਣ ਕਾਰਨ ਔਰਤ ਨੂੰ ਹਮੇਸ਼ਾਂ ਦੂਜੇ ਦਰਜੇ ਦੀ ਨਾਗਰਿਕ ਮੰਨਦਾ ਆਇਆ ਹੈ ਪ੍ਰੰਤੂ ਅਜੋਕਾ ਯੁੱਗ ਵਿਗਿਆਨ ਦਾ ਯੁੱਗ ਹੈ। ਸਮੇਂ ਅਤੇ ਸਥਿਤੀਆਂ ਦੇ ਬਦਲਾਅ ਕਾਰਨ ਔਰਤ ਦੀ ਸੋਚ ਅੰਦਰ ਨਿਰੰਤਰ ਪਰਿਵਰਤਨ ਵਾਪਰ ਰਿਹਾ ਹੈ। ਇਸ ਕਰਕੇ ਹੁਣ ਉਸਨੇ ਆਪਣੇ ਸੁਤੰਤਰ ਅਸਤਿਤਵ ਲਈ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਖੋਜ ਪੱਤਰ ਔਰਤ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਭੂਮਿਕਾ ਨੂੰ ਨਵੀਨ ਪ੍ਰਸੰਗ ਵਿਚ ਦੇਖਦਾ ਹੈ ਅਤੇ ਇਹ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਸ ਤਰ੍ਹਾਂ ਔਰਤ ਹੁਣ ਸਿਰਫ਼ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਿਤ ਨਹੀਂ ਰਹੀ, ਸਗੋਂ ਹਰ ਖੇਤਰ ਵਿਚ ਮਰਦ ਦੇ ਬਰਾਬਰ ਆਪਣੀ ਪਛਾਣ ਬਣਾਉਣ ਲਈ ਸੰਘਰਸ਼ ਕਰਦੀ ਨਜ਼ਰ ਆ ਰਹੀ ਹੈ। ਇਹ ਖੋਜ ਪੱਤਰ ਔਰਤ ਹੋਂਦ ਦੇ ਮਸਲਿਆਂ ਉੱਤੇ ਕੇਂਦਰਿਤ ਹੈ।*

***ਕੀਵਰਡ (Keyword): ਔਰਤ ਦੀ ਸਥਿਤੀ, ਜਾਤੀਗਤ ਵਿਤਕਰਾ, ਲਿੰਗਕ ਵਿਤਕਰਾ, ਇੱਛਾਵਾਂ ਦਾ ਦਮਨ, ਔਰਤ ਜਾਗ੍ਰਿਤੀ।***

ਅਜੋਕੇ ਸਮੇਂ ਕੁੱਲ ਆਬਾਦੀ ਵਿਚੋਂ ਅੱਧੀ ਆਬਾਦੀ ਹੋਣ ਦੇ ਬਾਵਜੂਦ ਵੀ ਔਰਤ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਦਾਇਰਿਆਂ ਵਿਚ ਸਥਿਤੀ ਤਰਸਯੋਗ ਬਣੀ ਹੋਈ ਹੈ। ਪੁਰਾਤਨ ਸਮੇਂ ਤੋਂ ਹੀ ਮਰਦ-ਪ੍ਰਧਾਨ ਸਮਾਜ ਵੱਲੋਂ ਔਰਤ ਨੂੰ ਦੂਜੈਲੀ ਹੋਂਦ ਵਜੋਂ ਪ੍ਰਵਾਨਿਆ ਜਾਂਦਾ ਰਿਹਾ ਹੈ। ਔਰਤ ਅਰਬੀ ਭਾਸ਼ਾ ਦਾ ਸ਼ਬਦ ਹੈ, ਮਹਾਨਕੋਸ਼ ਅਨੁਸਾਰ,

*ਔਰਤ ਸ਼ਬਦ ਦਾ ਅਰਥ 'ਛੁਪਾਉਣ ਵਾਲੀ ਚੀਜ਼' ਤੋਂ ਲਿਆ ਗਿਆ ਹੈ*[1]

ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਜਿੱਥੇ ਔਰਤਾਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ ਉਸਦੇ ਸਮਾਨਾਂਤਰ ਹੀ ਪੰਜਾਬੀ ਕਹਾਣੀਕਾਰਾਂ ਨੇ ਵੀ ਔਰਤ ਹੋਂਦ ਨਾਲ ਸਬੰਧਿਤ ਮਸਲਿਆਂ ਨੂੰ ਕਈ ਪੱਖਾਂ ਤੋਂ ਸਮਝਣ ਦਾ ਯਤਨ ਕੀਤਾ ਹੈ। ਸਾਡੇ ਇਸ ਖੋਜ ਪੇਪਰ ਦੀ ਸੀਮਾ ਤੇ ਅਧਿਐਨ ਦੀ ਸੌਖ ਲਈ ਔਰਤ ਹੋਂਦ ਨਾਲ ਸਬੰਧਿਤ ਚੋਣਵੀਆਂ ਕਹਾਣੀਆਂ ਦੇ ਅਧਿਐਨ ਲਈ ਹੇਠ ਲਿਖੀ ਵਰਗ ਵੰਡ ਕੀਤੀ ਗਈ ਹੈ:-

- ਪੂੰਜੀਵਾਦ ਦੇ ਗਲੈਮਰ ਵਿਚ ਫਸੀ ਔਰਤ ਦਾ ਅਕਸ
- ਅਚੇਤ ਮਨ ਦੁਆਰਾ ਸੰਚਾਲਿਤ ਵਿਹਾਰ
- ਜਾਤੀ ਤੇ ਸਮਾਜਿਕ ਜ਼ੁਲਮ ਦਾ ਸ਼ਿਕਾਰ ਔਰਤ
- ਉੱਚ ਸ਼੍ਰੇਣੀ ਨਾਲ ਸਬੰਧਿਤ ਔਰਤ
- ਸੁਚੇਤ ਤੇ ਅਗਾਂਹਵਧੂ ਔਰਤ

**ਪੂੰਜੀਵਾਦ ਦੇ ਗਲੈਮਰ ਵਿਚ ਫਸੀ ਔਰਤ ਦਾ ਅਕਸ** :

ਅਜੋਕੇ ਪੂੰਜੀਵਾਦੀ ਢਾਂਚੇ ਨੇ ਜਿੱਥੇ ਔਰਤ ਨੂੰ ਸਪੇਸ ਦਿੱਤੀ ਹੈ, ਉੱਥੇ

 Received: 13 May 2025 Accepted: 05 June 2025 Published: 13 June 2025

ਔਰਤ ਦੀ ਦਸ਼ਾ ਵਿਗਾੜਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਪੂੰਜੀਵਾਦ ਨੇ ਔਰਤ ਨੂੰ ਮੰਡੀ ਵਿਚ ਇਕ ਵਿਕਾਊ ਮਾਲ ਬਣਾ ਕੇ ਸੁੱਟ ਦਿੱਤਾ ਹੈ। ਵਿਦਿਆਰਥੀ ਜੀਵਨ ਇਕ ਅਜਿਹੀ ਸਟੇਜ ਹੈ ਜਿਸ ਵਿਚ ਬੱਚੇ ਆਪਣੇ ਸਮਾਜ ਅਤੇ ਪਰਿਵਾਰ ਨੂੰ ਅੱਗੇ ਲੈ ਕੇ ਜਾ ਸਕਦੇ ਹਨ। ਪ੍ਰੰਤੂ ਚਿੰਤਾ ਦਾ ਵਿਸ਼ਾ ਇਹ ਬਣ ਗਿਆ ਹੈ ਕਿ ਇਹ ਵਿਦਿਆਰਥੀ ਵਰਗ ਵੀ ਪੂੰਜੀਵਾਦੀ ਰੁਚੀਆਂ ਨੂੰ ਅਪਣਾਉਣ ਲਈ ਤਰਲੋਮੱਛੀ ਹੋ ਰਿਹਾ ਹੈ। 'ਤਿੜਕਿਆ ਸ਼ਤੀਰ' ਕਹਾਣੀ ਵਿਚਲੇ ਮੁੱਖ ਪਾਤਰ ਬਸੰਤ ਵਰਗਿਆਂ ਦੀ ਮਿਹਨਤ ਦਾ ਵਧੇਰੇ ਹਿੱਸਾ ਪੂੰਜੀਵਾਦ ਦੀ ਭੇਂਟ ਚੜ੍ਹ ਰਿਹਾ ਹੈ। ਇਸ ਕਹਾਣੀ ਵਿਚ ਵੈਲਨਟਾਇਨ ਡੇ ਮਨਾਇਆ ਜਾਂਦਾ ਹੈ ਜਿਸ ਵਿਚ ਬਸੰਤ ਦੀ ਕਾਲਜ ਪੜ੍ਹਦੀ ਧੀ ਪੀਨੂੰ ਵੀ ਸ਼ਾਮਿਲ ਹੁੰਦੀ ਹੈ। ਛਾਤਰ ਵਿਮਰਸ਼ (ਮਾਸਿਕ) ਅਨੁਸਾਰ,

> *"ਦ ਹਰਸ਼ੇ ਜੇਲਸ, ਵਿਕਟੋਰੀਆ ਸੀਕਰਟ ਅੰਤਰ-ਰਾਸ਼ਟਰੀ ਸਤਰ ਉੱਤੇ ਉਹ ਕੰਪਨੀਆਂ ਹਨ ਜੋ ਇਸ ਵੈਲਨਟਾਇਨ ਡੇ ਦੇ ਅਵਸਰ ਤੇ ਆਪਣੇ ਮੁਨਾਫੇ ਨੂੰ ਵਧਾਉਣ ਦੇ ਲਈ ਪਿਆਰ ਦੇ ਖਰਚੀਲੇ ਪੱਖਾਂ ਨੂੰ ਵਧਾਵਾ ਦੇਂਦੀ ਹੈ।"* [2]

ਪੀਨੂੰ ਦੇ ਰੂਪ ਵਿਚ ਵਿਦਿਆਰਥੀਆਂ ਦਾ ਬਹੁਤਾ ਵਰਗ ਪੱਛਮੀ ਸਭਿਆਚਾਰ ਦੀ ਭੇਂਟ ਅਤੇ ਮੁਨਾਫੇ ਲਈ ਪੂੰਜੀਵਾਦ ਵੱਲੋਂ ਅਪਣਾਏ ਹੱਥਕੰਡਿਆਂ ਦੇ ਮੱਕੜਜਾਲ ਵਿਚ ਫਸਦਾ ਜਾ ਰਿਹਾ ਹੈ। ਪਹਿਰਾਵਾ ਤੇ ਗਹਿਣਿਆਂ ਆਦਿ ਦੀ ਚਮਕ ਦੇ ਨਾਲ ਹੀ ਨਸ਼ੇ ਵਰਗੀ ਵਸਤੂ ਨੂੰ ਫ਼ੈਸ਼ਨ ਵਜੋਂ ਅਪਣਾਇਆ ਜਾ ਰਿਹਾ ਹੈ।

ਵਿਸ਼ਵੀਕਰਨ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਖੇਤੀਬਾੜੀ ਅਰਥ-ਵਿਵਸਥਾ ਬੰਦ ਨਾ ਹੋ ਕੇ ਖੁੱਲ੍ਹੀ ਅਰਥ-ਵਿਵਸਥਾ ਦਾ ਰੂਪ ਧਾਰ ਚੁੱਕੀ ਹੈ। ਖੁੱਲ੍ਹੀ ਅਰਥ-ਵਿਵਸਥਾ ਨੇ ਪੰਜਾਬੀ ਸਮਾਜ ਅੰਦਰਲੀ ਔਰਤ ਮਾਨਸਿਕਤਾ ਵਿਚ ਵੀ ਤਬਦੀਲੀਆਂ ਲਿਆਂਦੀਆਂ ਹਨ। ਆਰਥਿਕਤਾ ਬਦਲਣ ਨਾਲ ਵਿਅਕਤੀ ਦੀ ਸਭਿਆਚਾਰਕ ਸੋਚਣੀ ਵਿਚ ਵੀ ਬਦਲਾਅ ਆ ਜਾਂਦਾ ਹੈ ਜਿਸ ਤਰ੍ਹਾਂ 'ਮਸਾਜ' ਕਹਾਣੀ ਦੀ ਪਾਤਰ ਸੀਤਾ ਹੈ। ਜਦੋਂ ਉਹ ਪੈਸੇ ਕਮਾਉਣ ਲੱਗਦੀ ਹੈ ਤਾਂ ਕਹਾਣੀਕਾਰ ਦੱਸਦਾ ਹੈ ਕਿ,

> *"ਸੀਤਾ ਲਈ ਬਾਥਰੂਮ ਹੁਣ ਵਾਸ਼ਰੂਮ ਹੋ ਗਿਆ ਸੀ, ਤੋਲੀਏ ਦਾ ਟਾਵਲ ਬਣ ਗਿਆ, ਨਹਾਉਣਾ-ਬਾਥ ਲੈਣਾ, ਰਸੋਈ ਤੋਂ ਕਿਚਨ, ਦਾਰੂ ਤੋਂ ਡ੍ਰਿੰਕ, ਸਲਾਦ ਤੋਂ ਸੈਲੇਡ ਅਤੇ ਅਜਿਹਾ ਹੀ ਕਈ ਕੁਝ।"* [3]

ਇਸ ਦੇ ਨਾਲ ਹੀ ਮੱਧਵਰਗੀ ਵਿਅਕਤੀ ਦੀ ਸੋਚਣੀ ਇਥੋਂ ਤੱਕ ਨਿਵਾਣ 'ਚ ਆ ਗਈ ਹੈ ਕਿ ਉਹ ਆਪਣੀ ਪਤਨੀ ਵਿਚੋਂ ਵੀ ਬਾਜ਼ਾਰੂ ਔਰਤ ਦਾ ਅਕਸ ਦੇਖਣਾ ਲੋਚਦਾ ਹੈ। ਓਮ ਪ੍ਰਕਾਸ਼ ਪਹਿਲਾਂ ਤਾਂ ਆਪਣੀ ਸਾਧਾਰਨ ਦਿਖਦੀ ਪਤਨੀ ਨੂੰ ਬਿਊਟੀ ਪਾਰਲਰ ਵਿਚ ਤਿਆਰ ਹੋਣ ਲਈ ਭੇਜਣਾ ਸ਼ੁਰੂ ਕਰਦਾ ਹੈ ਅਤੇ ਉਸ ਤੋਂ ਬਾਅਦ ਆਪਣੀ ਪਤਨੀ ਨੂੰ ਉਥੇ ਕੰਮ ਕਰਨ ਲਈ ਸਹਿਮਤੀ ਪ੍ਰਗਟਾਉਂਦਾ ਹੈ ਪ੍ਰੰਤੂ ਅਖੀਰ ਵਿਚ ਜਦੋਂ ਉਹੀ ਬਿਊਟੀ ਪਾਰਲਰ ਦੇਹ ਵਪਾਰ ਦਾ ਧੰਦਾ ਬਣ ਜਾਂਦਾ ਹੈ ਤਾਂ ਉਸ ਉੱਤੇ ਮਾਨਸਿਕ ਪਰੇਸ਼ਾਨੀਆਂ ਦਾ ਪਹਾੜ ਟੁੱਟ ਪੈਂਦਾ ਹੈ। ਸੋ ਆਰਥਿਕਤਾ ਨੂੰ ਵਧੇਰੇ ਮਜ਼ਬੂਤ ਕਰਨ ਦੇ ਲਾਲਚ ਵੱਸ ਵਿਅਕਤੀ ਅੰਦਰਲੀ ਨੈਤਿਕਤਾ ਕਮਜ਼ੋਰ ਹੁੰਦੀ ਜਾ ਰਹੀ ਹੈ।

**ਅਚੇਤ ਮਨ ਦੁਆਰਾ ਸੰਚਾਲਿਤ ਵਿਹਾਰ :**

ਔਰਤ ਦੇ ਅਚੇਤ ਮਨ ਦੀ ਥਾਹ ਪਾਉਣਾ ਬਹੁਤ ਹੀ ਘੱਟ ਕਹਾਣੀਕਾਰਾਂ ਦੇ ਹਿੱਸੇ ਆਇਆ ਹੈ। 'ਸ਼ੋਲਡਰ ਬੈਗ' ਕਹਾਣੀ ਮਰਦ ਪ੍ਰਧਾਨ ਸਮਾਜ ਦੀ ਘਟਿਆ ਸੋਚ ਉਪਰ ਵਿਅੰਗ ਕਰਦੀ ਹੈ ਕਿਉਂਕਿ ਮਰਦ ਹਰ ਸੰਭਵ ਕੋਸ਼ਿਸ਼ ਰਾਹੀਂ ਔਰਤ ਨੂੰ ਆਪਣੇ ਅਧੀਨ ਰੱਖਣਾ ਚਾਹੁੰਦਾ ਹੈ। ਪ੍ਰੰਤੂ ਪ੍ਰਸਥਿਤੀਆਂ ਦੇ ਬਦਲਣ ਨਾਲ ਔਰਤ ਦੀ ਸੋਚ ਅੰਦਰ ਤਬਦੀਲੀ ਆ ਰਹੀ ਹੈ। ਇਸ ਸੰਬੰਧੀ ਡਾ. ਰਜਨੀ ਬਾਲਾ ਦੇ ਵਿਚਾਰ ਮਹੱਤਤਾ ਦੇ ਧਾਰਨੀ ਹਨ ਕਿ,

> *"ਪ੍ਰਾਚੀਨ ਔਰਤ ਦੇ ਮੁਕਾਬਲੇ ਵਰਤਮਾਨ ਯੁੱਗ ਦੀ ਔਰਤ ਪੁਰਾਤਨ ਸੰਸਕਾਰਾਂ ਦੀ ਗੁਲਾਮ ਨਹੀਂ। ਵਰਤਮਾਨ ਸਮੇਂ ਵਿਚ ਸ਼ਹਿਰੀ ਮੱਧ-ਸ਼੍ਰੇਣੀ ਦੀ ਪੜ੍ਹੀ-ਲਿਖੀ ਔਰਤ ਵਧੇਰੇ ਚੇਤੰਨ ਅਤੇ ਖੁਦ-ਮੁਖਤਿਆਰ ਹੋਂਦ ਰੱਖਦੀ ਹੈ। ਪੱਛਮੀ ਪ੍ਰਭਾਵਾਂ ਅਧੀਨ ਉਸਨੇ ਵੀ ਵਿਵਹਾਰਕ ਦ੍ਰਿਸ਼ਟੀਕੋਣ ਤੋਂ ਦੇਖਣਾ ਸ਼ੁਰੂ ਕਰ ਦਿੱਤਾ ਹੈ। ਅੱਜ ਦੀ ਪੜ੍ਹੀ-ਲਿਖੀ ਔਰਤ ਸਾਰੀ ਜ਼ਿੰਦਗੀ ਪਤੀ ਨਾਲ ਚਿਪਕ ਕੇ ਰਹਿਣਾ ਪਸੰਦ ਨਹੀਂ ਕਰਦੀ।"* [4]

ਇਸ ਕਹਾਣੀ ਵਿਚ ਇਕ ਕਵੀ ਆਪਣੀ ਔਰਤ ਦੋਸਤ ਦੇ ਜਿਸਮ ਨੂੰ ਭੋਗਣਾ ਚਾਹੁੰਦਾ ਹੈ ਅਤੇ ਉਸ ਵਿਰੁੱਧ ਸਾਜਿਸ਼ਾਂ ਰਚਦਾ ਹੈ। ਅਖੀਰ ਕਹਾਣੀ ਅੰਦਰਲੀ ਪਾਤਰ ਵੰਦਨਾਂ ਵਿਦਰੋਹੀ ਸੁਰ ਵਿਚ ਸੰਬੋਧਿਤ ਹੁੰਦੀ ਹੈ ਕਿ,

> *"ਤੂੰ ਮੇਰੇ ਬਾਰੇ ਜੋ ਕੁਝ ਲਿਖਿਆ ਏ, ਉਹ ਉਹੋ ਜਿਹਾ ਈ ਸੱਚ ਏ। ਤੂੰ ਸ਼ੋਲਡਰ ਵਾਲੀ ਨੂੰ ਕਿੰਨੀ ਰੋਮਾਂਟਿਕ ਜਿਹੀ, ਕਾਫੀ ਹਾਊਸ 'ਚ ਕਲਾਕਾਰਾਂ ਦੇ ਪਿਛੇ ਫਿਰਨ ਵਾਲੀ ਬਣਾ ਦਿੱਤਾ ਏ। ਇਹ ਕਿੱਡਾ ਝੂਠ ਹੈ... ਮੈਂ ਕਵਿਤਾ ਲਿਖਦੀ ਹਾਂ, ਠੀਕ, ਪਰ ਮੈਂ ਤੈਨੂੰ ਕਦੋਂ ਕਿਹਾ ਸੀ ਕਿ ਮੈਨੂੰ ਕਵੀ ਬਣਾ ਦੇ...ਨਾਲੇ ਤੇਰੇ ਜਿਹਾ ਮੈਨੂੰ ਬਣਾ ਵੀ ਕੀ ਸਕਦਾ ਏ, ਜਿਹੜਾ ਆਪ ਈ ਅਧੂਰਾ ਏ...ਨਾਲੇ ਤੂੰ ਆਪ ਈ ਤਾਂ ਕਿਹਾ ਕਰਦਾ ਏਂ*

*ਪਈ ਕਲਾਕਾਰ ਬਣਾਏ ਨਹੀਂ ਜਾ ਸਕਦੇ।"*[5]

ਏਥੇ ਵੰਦਨਾਂ ਮਰਦ ਪ੍ਰਧਾਨ ਸਮਾਜ ਦੀ ਸੋਚ ਪ੍ਰਤੀ ਫਿਟਕਾਰ ਪਾਉਂਦੀ ਹੈ ਜਿਹੜੀ ਔਰਤ ਦਾ ਹਰ ਪੱਖੋਂ ਸ਼ੋਸ਼ਣ ਕਰਨ ਲਈ ਤਿਆਰ ਬਰ ਤਿਆਰ ਰਹਿੰਦੀ ਹੈ। ਜੇਕਰ ਔਰਤ ਕਿਸੇ ਮਰਦ ਨੂੰ ਆਪਣਾ ਦੋਸਤ ਬਣਾਉਣਾ ਵੀ ਚਾਹੁੰਦੀ ਹੈ ਜਾਂ ਬਣਾ ਲੈਂਦੀ ਹੈ ਤਾਂ ਮਰਦ ਸਿਰਫ ਉਸ ਪ੍ਰਤੀ ਭੋਗਣਯੋਗ ਨਜ਼ਰੀਆ ਹੀ ਅਪਣਾਉਂਦਾ ਹੈ। 'ਉਪਰੋਕਤ' ਕਹਾਣੀ ਵਿੱਚ ਵੰਦਨਾਂ ਦੋਸਤੀ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦੀ ਹੈ ਕਿ,

*"ਤੈਨੂੰ ਪਤਾ ਈ ਨਹੀਂ ਕਿ ਔਰਤ ਤੇ ਮਰਦ ਦੇ ਵਿਚਕਾਰ ਹੋਰ ਵੀ ਕੋਈ ਰਿਸ਼ਤਾ ਹੁੰਦਾ ਏ। ਦੋਸਤੀ ਦੀਆਂ ਵੀ ਕਈ ਪੱਧਰਾਂ ਹੁੰਦੀਆਂ ਨੇ। ਤੂੰ ਤਾਂ ਸਿਰਫ ਇਹੋ ਜਾਣਨਾ ਏਂ ਕਿ ਦੋ ਈ ਰਿਸ਼ਤੇ ਹੁੰਦੇ ਨੇ...ਮੁਹੱਬਤ ਦਾ ਜਾਂ ਨਫ਼ਰਤ ਦਾ। ਮੇਰੇ ਤੇ ਮੀਰਚੰਦਾਨੀ ਵਿਚਕਾਰ ਜਿਹੜਾ ਰਿਸ਼ਤਾ ਏ, ਉਹ ਇਕ ਖਾਸ ਪੱਧਰ ਦੀ ਦੋਸਤੀ ਏ। ਚੱਲ ਛੱਡ, ਇਹ ਗੱਲ ਤੇਰੀ ਸਮਝ 'ਚ ਨਹੀਂ ਆਉਣੀ।"*[6]

ਪੂੰਜੀਵਾਦ ਦੀ ਅਲਾਮਤ ਨੇ ਰਿਸ਼ਤਿਆਂ ਨੂੰ ਕਮਜ਼ੋਰ ਕੀਤਾ ਹੈ। ਜਿਸਦੇ ਨਤੀਜੇ ਵਜੋਂ ਰਿਸ਼ਤਿਆਂ ਵਿਚ ਤਰੇੜਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ। 'ਸ਼ੋਲਡਰ ਬੈਗ' ਕਹਾਣੀ ਮਰਦ ਪ੍ਰਧਾਨ ਸਮਾਜ ਦੀ ਸ਼ੱਕੀ ਪ੍ਰਵਿਰਤੀ ਉੱਤੇ ਚੋਟ ਕਰਦੀ ਹੈ। ਇਸ ਕਹਾਣੀ ਵਿਚ ਅਜਿਹੀ ਔਰਤ ਦੀ ਸਥਿਤੀ ਪੇਸ਼ ਹੋਈ ਹੈ ਜੋ ਦੇਹ ਸ਼ੋਸ਼ਣ ਦੇ ਹੱਥਕੰਡਿਆਂ ਨੂੰ ਸਮਝਣ ਵਾਲੀ ਹੈ।

ਮਨੋਵਿਗਿਆਨ ਦੱਸਦਾ ਹੈ ਕਿ ਜਦੋਂ ਵਿਅਕਤੀ ਦਾ ਅਚੇਤ ਮਨ ਵਧੇਰੇ ਕਿਰਿਆਸ਼ੀਲ ਹੁੰਦਾ ਹੈ ਤਾਂ ਉਹ ਵਿਨਾਸ਼ਤਾ ਵੱਲ ਨੂੰ ਵੱਧਦਾ ਹੈ ਕਿਉਂਕਿ ਅਚੇਤ ਮਨ ਵਿਚ ਵਧੇਰੇ ਉਹ ਖਾਹਿਸ਼ਾਂ ਦੱਬੀਆਂ ਹੁੰਦੀਆਂ ਹਨ, ਜੋ ਕਾਮ ਨਾਲ ਸਬੰਧਿਤ ਹੁੰਦੀਆਂ ਹਨ। ਇਸ ਪਿੱਛੇ ਵਧੇਰੇ ਜ਼ਿੰਮੇਵਾਰ ਕਾਰਕ ਭਾਵੇਂ ਸਮਾਜ ਹੀ ਹੁੰਦਾ ਹੈ।

ਅਚੇਤ ਮਨ ਤੋਂ ਸੰਚਾਲਿਤ ਕਹਾਣੀ 'ਜਦੋਂ ਧਰਤੀ ਡੋਲਦੀ ਹੈ' ਵਿਚ ਔਰਤ ਨੂੰ ਧਰਤੀ ਦੇ ਪ੍ਰਤੀਕ ਵਜੋਂ ਲਿਆ ਗਿਆ ਹੈ। ਔਰਤ ਉੱਪਰ ਜਦੋਂ ਕੁਦਰਤੀ ਪ੍ਰਵਿਰਤੀ (ਇੱਡ) ਭਾਰੂ ਹੁੰਦੀ ਹੈ ਤਾਂ ਰਿਸ਼ਤਿਆਂ ਦੇ ਵਿਨਾਸ਼ ਦਾ ਕਾਰਨ ਬਣਦੀ ਹੈ। ਘਰ, ਪਰਿਵਾਰ ਅਤੇ ਸਮਾਜ ਨਾਲ ਉਸਨੇ ਕਿਸ ਤਰ੍ਹਾਂ ਨਜਿੱਠਣਾ ਹੈ ਅਤੇ ਬਦਲਾ-ਲਊ ਪ੍ਰਵਿਰਤੀ ਉੱਪਰ ਕਿਵੇਂ ਕਾਬੂ ਪਾਉਣਾ ਹੈ ਉਸ ਲਈ ਵੱਡੇ ਸਵਾਲ ਹਨ। ਔਰਤ ਨੇ ਜੇਕਰ ਆਪਣੀ ਹੋਂਦ, ਹਸਤੀ ਬਣਾਕੇ ਰੱਖਣੀ ਹੈ ਤਾਂ ਉਸਨੂੰ ਉਨ੍ਹਾਂ ਅਲਾਮਤਾਂ ਤੋਂ ਸੁਚੇਤ ਹੋਣਾ ਪਵੇਗਾ, ਜਿਹੜੀਆਂ ਮਰਦ ਮਾਨਸਿਕਤਾ ਦਾ ਹਿੱਸਾ ਰਹੀਆਂ ਹਨ ਅਤੇ ਜਿਨ੍ਹਾਂ ਤੋਂ ਉਹ ਖੁਦ ਪੀੜਿਤ ਰਹੀ ਹੈ। ਉਪਰੋਕਤ ਕਹਾਣੀ ਦੀ ਪਾਤਰ ਡੈਮਨ ਦੁਆਰਾ ਅਪਣਾਇਆ ਕਿਰਦਾਰ ਨਾਕਾਰਾਤਮਕ ਤਬਦੀਲੀ ਵਾਲ਼ਾ ਹੀ ਕਿਹਾ ਜਾ ਸਕਦਾ ਹੈ।

ਸਖ਼ਤ ਮਿਹਨਤ ਕਰਕੇ ਰੁਜ਼ਗਾਰ ਪ੍ਰਾਪਤ ਕਰਨਾ, ਘਰ ਪਰਿਵਾਰ ਨੂੰ ਦਿਸ਼ਾ ਦੇਣੀ ਜਿੱਥੇ ਔਰਤ ਦੀ ਬਦਲਦੀ ਸਥਿਤੀ ਦਾ ਪ੍ਰਮਾਣ ਹੈ, ਉੱਥੇ ਹਰ ਜ਼ੁਲਮ ਨੂੰ ਸਵੀਕਾਰ ਕਰਨਾ ਤੇ ਮਰਦ ਦੀ ਗੁਲਾਮੀ ਕਰਨ ਜਿਹੀ ਮਾਨਸਿਕਤਾ ਅਜੇ ਵੀ ਔਰਤ ਦੀ ਸ਼ਖ਼ਸੀਅਤ ਦਾ ਹਿੱਸਾ ਬਣੀ ਹੋਈ ਹੈ। ਔਰਤ ਪਰੰਪਰਿਕ ਕਦਰਾਂ-ਕੀਮਤਾਂ ਦੇ ਬੋਝ ਥੱਲੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਪਤੀ ਨਾਲ ਮਜ਼ਬੂਰੀ ਵਸ ਨਿਰਵਾਹ ਕਰ ਰਹੀ ਹੈ। ਮਿਸਾਲ ਵਜੋਂ ਗੁਰਮੇਲ ਮਡਾਹੜ ਦੀ ਕਹਾਣੀ 'ਔਰਤ' ਦੀ ਪਾਤਰ ਸ਼ਾਂਤੀ ਨੂੰ ਦੇਖਿਆ ਜਾ ਸਕਦਾ ਹੈ। ਸ਼ਾਂਤੀ ਦਾ ਪਤੀ ਸ਼ਰਾਬੀ ਹੋਇਆ ਉਸਦੇ ਦਫ਼ਤਰ ਆ ਕੇ ਉਸ ਨਾਲ਼ ਲੜਾਈ ਕਰਦਾ ਅਤੇ ਕੁੱਟਦਾ ਹੈ ਪਰ ਜਦੋਂ ਦਫ਼ਤਰ ਦਾ ਪ੍ਰਧਾਨ ਤੇ ਹੋਰ ਸਹਿਕਰਮੀ ਉਸਦੇ ਪਤੀ ਨੂੰ ਫੜ੍ਹ ਲੈਂਦੇ ਹਨ ਤਾਂ ਸ਼ਾਂਤੀ ਉਸ ਨੂੰ ਛੱਡ ਦੇਣ ਦੀ ਦੁਹਾਈ ਪਾਉਂਦੀ ਹੈ ਕਿ,

*"ਸਰ ਮੇਹਰਬਾਨੀ ਕਰਕੇ ਇਹਨਾਂ ਨੂੰ ਛੱਡ ਦਿਓ...ਮੇਰਾ ਦਿਲ ਘਬਰਾ ਰਿਹੈ...ਜੇ ਇਸ ਨੂੰ ਕੁਝ ਹੋ ਗਿਆ ਤਾਂ ਮੈਂ ਕਿਸੇ ਜਗ੍ਹਾ ਦੀ ਨਹੀਂ ਰਹਾਂਗੀ...ਆਖਰ ਹੈ ਤਾਂ ਮੇਰਾ ਪਤੀ...ਮੇਰੇ ਸਿਰ ਦਾ ਸਾਈਂ...ਉਹ ਪਾਗਲਾਂ ਵਾਂਗ ਵੱਡੇ ਸਾਹਿਬ ਦੇ ਪੈਰ ਫੜੀ ਬੋਲੀ ਜਾ ਰਹੀ ਸੀ ਮਿੰਨਤਾਂ ਕਰੀ ਜਾ ਰਹੀ ਸੀ।"*[7]

ਉਪਰੋਕਤ ਕਹਾਣੀ ਔਰਤ ਦੀ ਗੁਲਾਮ ਮਾਨਸਿਕਤਾ ਦੀ ਪੇਸ਼ਕਾਰੀ ਕਰਦੀ ਹੈ। ਔਰਤ ਨੂੰ ਆਪਣੀ ਸੁਤੰਤਰਤਾ ਲਈ ਸਮਾਜ ਦੇ ਗਲਤ ਵਿਚਾਰਾਂ ਨੂੰ ਚੁਣੌਤੀ ਦੇਣ ਦੀ ਜ਼ਰੂਰਤ ਹੈ। ਗਲਤ ਸਮਾਜਿਕ ਵਿਚਾਰਾਂ ਕਾਰਨ ਹੀ ਔਰਤ ਦੁੱਖ ਭਰਿਆ ਜੀਵਨ ਬਸਰ ਕਰਨ ਲਈ ਮਜ਼ਬੂਰ ਹੈ। ਭਾਵੇਂ ਔਰਤ ਆਰਥਿਕ ਪੱਖੋਂ ਆਪਣੇ ਪੈਰਾਂ' ਤੇ ਖਲ੍ਹੋ ਗਈ ਹੈ ਪ੍ਰੰਤੂ ਉਸਦੀਆਂ ਘਰੇਲੂ ਜਿੰਮੇਵਾਰੀਆਂ ਦਾ ਬੋਝ ਘੱਟ ਨਹੀਂ ਰਿਹਾ। ਆਜ਼ਾਦੀ ਤੋਂ ਬਾਅਦ ਮਿਲੇ ਸਿੱਖਿਆ ਦੇ ਕਾਨੂੰਨੀ ਅਧਿਕਾਰ ਕਾਰਨ ਅਜੋਕੀ ਔਰਤ ਪੜ੍ਹ-ਲਿਖਕੇ ਇਹ ਸੋਚਣ ਲੱਗੀ ਹੈ ਕਿ ਉਸਦੀ ਆਪਣੀ ਹੋਂਦ ਵੀ ਮਰਦ ਦੇ ਬਰਾਬਰ ਹੀ ਹੈ ਨਾ ਕਿ ਭਾਵਨਾਵਾਂ ਰਹਿਤ ਮਸ਼ੀਨ। ਮਿਸਾਲ ਲਈ ਅਵਤਾਰ ਬਿਲਿੰਗ ਦੀ ਕਹਾਣੀ 'ਮਸ਼ੀਨ' ਦੇਖੀ ਜਾ ਸਕਦੀ ਹੈ।

**ਜਾਤੀ ਤੇ ਸਮਾਜਿਕ ਜੁਲਮ ਦਾ ਸ਼ਿਕਾਰ ਔਰਤ:**

ਭਾਰਤੀ ਸਮਾਜਿਕ ਬਣਤਰ ਇਸ ਪ੍ਰਕਾਰ ਦੀ ਹੈ ਕਿ ਔਰਤ ਨੂੰ ਔਰਤ ਹੋਣ ਦਾ ਸੰਤਾਪ ਕਿਸੇ ਨਾ ਕਿਸੇ ਰੂਪ ਵਿਚ ਹੰਢਾਉਣਾ ਹੀ ਪਿਆ ਹੈ। ਕਈ ਵਾਰ ਜੇਕਰ ਪੇਕੇ ਘਰ ਲੜਕੀ ਨੂੰ ਸੁੱਖ ਸੁਵਿਧਾਵਾਂ ਪ੍ਰਾਪਤ ਹੋ ਵੀ ਜਾਂਦੀਆਂ ਹਨ ਤਾਂ ਸਹੁਰੇ ਘਰ ਦੀ ਆਰਥਿਕ ਹਾਲਤ ਠੀਕ ਨਾ ਹੋਣ ਕਰਕੇ ਉਸਨੂੰ ਸਮਾਜਿਕ, ਆਰਥਿਕ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਜੇਕਰ ਇਸ ਪ੍ਰਕਾਰ ਕਹਿ ਲਿਆ ਜਾਵੇ ਕਿ ਸਿੱਖਿਆ ਪ੍ਰਾਪਤੀ ਨਾਲ ਔਰਤ ਦੀ ਮੁਕਤੀ ਦਾ ਸੰਕਲਪ ਜੁੜਿਆ ਹੋਇਆ ਹੈ ਤਾਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ। 'ਜੈਲੋ' ਕਹਾਣੀ ਵਿਚ ਜਰਨੈਲ ਕੌਰ ਪੜ੍ਹਾਈ ਵਿਚ ਹੁਸ਼ਿਆਰ ਵੀ ਹੁੰਦੀ ਹੈ ਅਤੇ ਦਸਵੀਂ ਤੱਕ ਦੀ ਸਿਖਿਆ ਗ੍ਰਹਿਣ ਕਰਦੀ ਹੈ, ਪ੍ਰੰਤੂ ਇਸਦੇ ਬਾਵਜੂਦ ਵੀ ਵਿਆਹ ਤੋਂ ਬਾਅਦ ਉਸਨੂੰ ਉਹਨਾਂ ਹੀ ਵਧੀਕੀਆਂ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ ਜਿਹੜੀਆਂ ਪੇਂਡੂ ਸਮਾਜ ਅੰਦਰਲੀਆਂ ਲੱਖਾਂ ਅਨਪੜ੍ਹ ਦਲਿਤ ਔਰਤਾਂ ਦੀ ਹੋਣੀ ਬਣੀਆਂ ਹੋਈਆਂ ਹਨ।

ਦਲਿਤ ਔਰਤ ਜਰਨੈਲ ਕੌਰ ਤੋਂ ਜੈਲੋ ਬਣਨ ਤੱਕ ਦਾ ਸਫ਼ਰ ਇਸ ਕਹਾਣੀ ਦੇ ਬਿਰਤਾਂਤਕ ਵੇਰਵਿਆਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਕਹਾਣੀ ਦੇ ਆਰੰਭ ਵਿਚ ਜੈਲੋ ਆਪਣੀ ਵਿਥਿਆ ਦੱਸਦੀ ਹੈ ਕਿ,

*"ਜੈਲੋ, ਜਰਨੈਲ ਕੌਰ ਨੂੰ ਡੂੰਘੇ ਤੋਂ ਡੂੰਘਾ ਦਫ਼ਨਾਉਣ ਦੀ ਕੋਸ਼ਿਸ਼ ਕਰਦੀ। ਜਿਵੇਂ ਹੁਣ ਉਹ ਆਪਣੇ ਪੇਕਿਆਂ ਵਾਲੀ ਜਰਨੈਲ ਕੌਰ ਨੂੰ ਭੁੱਲ-ਭੁਲਾ ਜਾਣਾ ਚਾਹੁੰਦੀ ਹੋਵੇ। ਜੈਲੋ ਵੀ ਕਿੱਥੇ?...ਹੁਣ ਤਾਂ ਲੋਕੀ ਉਹਨੂੰ 'ਅਮਲੀ ਦੀ ਤੀਵੀਂ' ਕਹਿ ਕੇ...ਗੱਲਾਂ ਬਣਾਉਂਦੇ ਸਨ। ਤੇ ਉਹ ਆਪਣੇ ਪਿਛੋਕੜ ਦੇ ਨਾਲ-ਨਾਲ ਆਪਣੇ ਆਲੇ ਦੁਆਲੇ ਤੋਂ ਵੀ ਬੇਖ਼ਬਰ...ਨੀਵੀਂ ਪਾਈ, ਜੀਵਨ ਕੱਟ ਰਹੀ ਸੀ।"*[6]

ਇਸ ਪ੍ਰਕਾਰ ਇਕ ਅਨਪੜ੍ਹ ਲੜਕੀ ਦੇ ਨਾਲ-ਨਾਲ ਸਿੱਖਿਅਤ ਲੜਕੀ ਦਾ ਵੀ ਸਾਡੇ ਸਮਾਜ ਵਿਚ ਭਵਿੱਖ ਸੁਰੱਖਿਅਤ ਨਹੀਂ ਹੈ। ਜੈਲੋ ਦੇ ਗਰੀਬ ਮਾਂ ਪਿਓ ਵੱਲੋਂ ਜਿਸ ਲੜਕੇ ਨਾਲ ਉਸਦਾ ਵਿਆਹ ਕੀਤਾ ਜਾਂਦਾ ਹੈ ਉਹ ਅਮਲੀ ਨਿਕਲਦਾ ਹੈ। ਇਸੇ ਕਾਰਨ ਉਸਦੀ ਸਾਰੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਜੈਲੋ ਜਿੱਥੇ ਆਪਣਾ ਮਾਨਸਿਕ ਸ਼ੋਸ਼ਣ ਕਰਵਾਉਂਦੀ ਹੈ, ਉਸ ਤੋਂ ਕਿਤੇ ਵਧੇਰੇ ਉਸਨੂੰ ਆਪਣਾ ਸਰੀਰਕ ਸ਼ੋਸ਼ਣ ਵੀ ਕਰਵਾਉਣਾ ਪੈਂਦਾ ਹੈ। ਬਚਪਨ ਵੇਲੇ ਪਿਉ ਦੇ ਘਰ ਰਹਿ ਕੇ ਜੈਲੋ ਨੇ ਆਪਣੀ ਜ਼ਿੰਦਗੀ ਲਈ ਬਹੁਤ ਚਾਹਤਾਂ, ਖੁਸ਼ੀਆਂ, ਉਮੰਗਾਂ ਪਾਲੀਆਂ ਸਨ। ਉਸਦੇ ਪਿਓ ਨੇ ਕਦੇ ਉਸਨੂੰ ਆਪਣੀ ਮਾਂ ਨਾਲ ਕੱਖ ਲੈਣ ਨਹੀਂ ਜਾਣ ਦਿੱਤਾ ਸੀ, ਪ੍ਰੰਤੂ ਘਰਵਾਲਾ ਅਮਲੀ ਮਿਲਣ ਕਾਰਨ ਉਸਨੂੰ ਸਾਰੀ ਉਮਰ ਆਪਣੀਆਂ ਇਨ੍ਹਾਂ ਚਾਹਤਾਂ ਦਾ ਘਾਣ ਕਰਨਾ ਪੈਂਦਾ ਹੈ। ਉਪਰੋਕਤ ਕਹਾਣੀ ਜੈਲੋ ਦੇ ਪਾਤਰ ਰਾਹੀਂ ਲੱਖਾਂ ਪੇਂਡੂ ਦਲਿਤ ਔਰਤਾਂ ਦੀ ਤ੍ਰਾਸਦਿਕ ਹਾਲਤ ਨੂੰ ਬਿਆਨਦੀ ਹੈ।

'ਰਖੇਲ' ਕਹਾਣੀ ਵਿਚ ਇਕ ਅਜਿਹੀ ਔਰਤ ਦੀ ਦਸ਼ਾ ਪੇਸ਼ ਹੋਈ ਹੈ, ਜੋ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਕੇ ਪਿੰਡ ਦੀ ਸਰਪੰਚਣੀ ਤਾਂ ਬਣ ਜਾਂਦੀ ਹੈ, ਪ੍ਰੰਤੂ ਤ੍ਰਾਸਦੀ ਇਹ ਹੈ ਕਿ ਸਾਡੇ ਸਮਾਜ ਵਿਚ ਕਾਬਜ਼ ਧਿਰ ਮਰਦ ਹੀ ਹੈ। ਰਾਜਨੀਤਿਕ ਸੱਤਾ ਉੱਤੇ ਕਾਬਜ਼ ਹੋ ਕੇ ਵੀ ਦਲਿਤ ਔਰਤ ਦੀ ਸਥਿਤੀ ਵਿਚ ਸੁਧਾਰ ਨਹੀਂ ਆਇਆ, ਸਗੋਂ ਉਹ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਸ਼ੋਸ਼ਣ ਕਰਵਾਉਂਦੀ ਹੈ। ਇਹ ਸ਼ੋਸ਼ਣ ਕਰਨ ਵਾਲੀ ਮਰਦਾਵੀ ਧਿਰ ਭਾਵੇਂ ਉਸਦਾ ਪਤੀ ਹੋਵੇ ਚਾਹੇ ਸਮਾਜ ਦੇ ਹੋਰ ਮੈਂਬਰ ਜਿਵੇਂ ਕਿ ਚੇਅਰਮੈਨ ਜਾਂ ਠਾਣੇਦਾਰ ਆਦਿ। ਮੁਖ਼ਤਿਆਰੋ ਦੇ ਸਰਪੰਚਣੀ ਬਣਨ ਉਪਰੰਤ ਉਸਨੂੰ ਫਿਰ ਵੀ ਆਪਣੇ ਅਪਾਹਜ ਪਤੀ ਕੋਲੋ ਗਾਲ੍ਹਾਂ ਹੀ ਸੁਣਨੀਆਂ ਪੈਂਦੀਆਂ ਹਨ। ਵਿਹਾਰਕ ਤੌਰ 'ਤੇ ਭਾਵੇਂ ਔਰਤ ਪਿੰਡ ਦੀ ਰਾਜਨੀਤਕ ਸੱਤਾ ਸਰਪੰਚੀ ਵੀ ਪ੍ਰਾਪਤ ਕਰ ਲੈਂਦੀ ਹੈ, ਪ੍ਰੰਤੂ ਉਸਦਾ ਸ਼ੋਸ਼ਣ ਸਿੱਧੇ/ਅਸਿੱਧੇ ਰੂਪ ਵਿਚ ਮਰਦਾਵੀਂ ਤਾਕਤ ਹੱਥੋਂ ਹੁੰਦਾ ਰਹਿੰਦਾ ਹੈ। ਇਸ ਸ਼ੋਸ਼ਣ ਪਿੱਛੇ ਇਕ ਕਾਰਨ ਉਸਦਾ ਅਨਪੜ੍ਹ ਹੋਣਾ ਹੈ। ਦੂਸਰਾ ਕਾਰਨ ਮਰਦ ਪ੍ਰਧਾਨ ਸਮਾਜ ਦੀ ਜਕੜਨ ਵਿਚ ਕੈਦ ਹੋਣ ਨਾਲ ਸਬੰਧਿਤ ਹੈ।

'ਚੁੱਪ ਦੇ ਅੰਦਰਲਾ ਸ਼ੋਰ' ਕਹਾਣੀ ਜਿੱਥੇ ਨਾਰੀ ਸ਼ੋਸ਼ਣ ਦੀਆਂ ਵਿਭਿੰਨ ਪਰਤਾਂ ਨੂੰ ਉਘਾੜਦੀ ਹੈ ਉਸਦੇ ਨਾਲ-ਨਾਲ ਨਾਰੀ ਹੋਂਦ ਦੇ ਮਸਲਿਆ ਦੀ ਪੇਸ਼ਕਾਰੀ ਵੀ ਕਰਦੀ ਹੈ। ਔਰਤ ਨੂੰ ਆਰੰਭ ਤੋਂ ਹੀ ਦੂਜੈਲੇ ਦਰਜੇ ਦੀ ਧਾਰਨੀ ਬਣਾਇਆ ਗਿਆ ਹੈ। ਇਸ ਪਿੱਛੇ ਜਿੰਮੇਵਾਰ ਕਾਰਨ ਔਰਤ ਦਾ ਉਤਪਾਦਨ ਦੇ ਸਾਧਨਾਂ ਤੋਂ ਵਾਂਝਿਆ ਹੋਣਾ ਹੈ। ਮਰਦ ਪ੍ਰਧਾਨ ਸਮਾਜ ਹਰ ਪੱਖੋਂ ਔਰਤ ਦਾ ਸ਼ੋਸ਼ਣ ਕਰਦਾ ਹੈ ਅਤੇ ਔਰਤ ਨੂੰ ਆਪਣਾ ਕੋਈ ਵੀ ਫੈਸਲਾ ਆਪ ਕਰਨ ਦੀ ਆਗਿਆ ਨਹੀਂ ਦਿੰਦਾ। ਪਿਤਾ ਦੇ ਡਰ ਕਾਰਨ ਮਨਪ੍ਰੀਤ ਆਪਣੇ ਪਿਆਰ ਦਾ ਪ੍ਰਗਟਾਵਾ ਨਹੀਂ ਕਰ ਪਾਉਂਦੀ, ਜਿਸ ਕਾਰਨ ਉਹ ਆਪਣੀ ਸਾਰੀ ਜ਼ਿੰਦਗੀ ਨਰਕ ਭੋਗਣ ਲਈ ਮਜ਼ਬੂਰ ਹੋ ਜਾਂਦੀ ਹੈ। ਇਸ ਕਹਾਣੀ ਰਾਹੀਂ ਮਰਦ ਪ੍ਰਧਾਨ ਸਮਾਜ ਦਾ ਦੰਭੀ ਕਿਰਦਾਰ ਸਾਹਮਣੇ ਆਉਂਦਾ ਹੈ। ਔਰਤ ਦੀਆਂ ਸੱਧਰਾਂ, ਚਾਵਾਂ ਦਾ ਹਰ ਜਗ੍ਹਾ ਕਤਲ ਕੀਤਾ ਜਾਂਦਾ ਹੈ ਜੋ ਕਿ ਕੋਈ ਨਵਾਂ ਵਰਤਾਰਾ ਨਹੀਂ ਹੈ। ਇਹ ਕਤਲ ਭਾਵੇਂ ਕੁੱਖ ਅੰਦਰਲੇ ਬੱਚੇ ਦਾ ਹੋਵੇ ਭਾਵੇਂ ਜੀਵਨ ਸਾਥੀ ਦੀ ਚੋਣ ਦਾ ਹੋਵੇ। ਔਰਤ ਨੂੰ ਹਮੇਸ਼ਾ ਹੀ ਸਥਿਤੀਆਂ ਨਾਲ ਸਮਝੌਤੇ ਕਰਨ ਦੀ ਪ੍ਰੇਰਨਾ ਸਾਡੇ ਸਮਾਜ ਰਾਹੀਂ ਦਿੱਤੀ ਜਾਂਦੀ ਹੈ। ਔਰਤ ਨੂੰ ਥਾਂ-ਥਾਂ ਜਲੀਲ ਹੋਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸੇ ਤ੍ਰਾਸਦਿਕ ਸਥਿਤੀ ਦੀ ਪੇਸ਼ਕਾਰੀ 'ਚੁੱਪ ਦੇ ਅੰਦਰਲਾ ਸ਼ੋਰ' ਕਹਾਣੀ ਵਿਚ ਹੋਈ ਹੈ।

ਦਲਿਤ ਔਰਤ ਦੀ ਚੇਤਨਾ ਦਾ ਪੱਧਰ ਇਹ ਹੈ ਕਿ ਉਸਨੇ ਆਪਣੇ ਸਰੀਰਕ ਸ਼ੋਸ਼ਣ ਰਾਹੀਂ ਕਮਾਏ ਪੈਸਿਆਂ ਨੂੰ ਤਰੱਕੀ ਦਾ ਰਾਹ ਸਮਝ ਲਿਆ ਹੈ। 'ਨੰਗੇਜ਼' ਕਹਾਣੀ ਪੇਂਡੂ ਸਮਾਜ ਅੰਦਰਲੀ ਦਲਿਤ ਔਰਤ ਬੰਸੋ ਦੀ ਦਸ਼ਾ ਨੂੰ ਬਿਆਨਦੀ ਕਹਾਣੀ ਹੈ। ਗਰੀਬ ਪਰਿਵਾਰ ਦੀਆਂ ਕੁੜੀਆਂ ਨੂੰ ਉੱਚ ਸ਼੍ਰੇਣੀਆਂ ਵੱਲੋਂ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਬੰਸੋ ਵੀ ਇਕ ਅਜਿਹੀ ਔਰਤ ਹੈ ਜੋ ਵਿਆਹ ਤੋਂ ਪੰਜਵੇਂ ਮਹੀਨੇ ਬਾਅਦ ਇਕ ਕੁੜੀ ਨੂੰ ਜਨਮ ਦਿੰਦੀ ਹੈ, ਜਿਸ ਕਰਕੇ ਉਸਦਾ ਸਹੁਰਾ ਕਰਤਾਰਾ ਉਸ ਨੂੰ ਲਾਹਨਤਾਂ ਪਾਉਂਦਾ ਹੈ।

ਸਾਡੇ ਸਮਾਜ ਵਿਚ ਔਰਤ ਨੂੰ ਸਿਰਫ ਭੋਗਣਯੋਗ ਵਸਤੂ ਦੇ ਤੌਰ ਤੇ ਹੀ ਸਮਝਿਆ ਅਤੇ ਪ੍ਰਵਾਨਿਆ ਗਿਆ ਹੈ। ਬੰਸੋ ਵੀ ਇਕ ਅਜਿਹੀ ਦੁਖੀ ਔਰਤ ਹੈ, ਜਿਸ ਨੂੰ ਹਰ ਕੋਈ ਭੋਗਣਾ ਚਾਹੁੰਦਾ ਹੈ। ਗਿਆਨੀ ਜਦੋਂ ਬੰਸੋ ਨੂੰ ਇਹਨਾਂ ਬੁਰੇ ਕੰਮਾਂ ਤੋਂ ਰੋਕਣ ਲਈ ਆਉਂਦਾ ਹੈ ਤਾਂ ਉਹ ਗਿਆਨੀ ਨੂੰ ਇਹ ਕਹਿਕੇ ਸੰਬੋਧਿਤ ਹੁੰਦੀ ਹੈ,

*"ਮੈਨੂੰ ਸਮਝਿਆ ਕਿਸੇ ਨੇ ਧੀ ਭੈਣ, ਸਾਰਾ ਪਿੰਡ ਆਉਂਦਾ ਏਥੇ ਮੱਥਾ ਰਗੜਨ, ਗੰਦਾਖਾਣ...ਮੈਂ ਕਿਸੇ ਕੰਜਰ ਨੂੰ ਸੱਦਣ ਜਾਨੀਆਂ...ਅੱਜ ਤੂੰ ਆਗਿਆ ਦਾਹੜੀ ਕੱਢਕੇ....।"*[9]

ਸਾਡੇ ਸਮਾਜ ਅੰਦਰਲਾ ਦਸਤੂਰ ਇਹ ਬਣਿਆ ਹੋਇਆ ਹੈ ਕਿ ਪਹਿਲਾਂ ਮਰਦ ਪ੍ਰਧਾਨ ਸਮਾਜ ਔਰਤ ਦੇ ਅਕਸ ਨੂੰ ਮਾੜਾ ਬਣਾਉਂਦਾ ਹੈ ਅਤੇ ਫਿਰ ਉਹੀ ਮਰਦ ਪ੍ਰਧਾਨ ਸਮਾਜ ਆਪਣੇ ਆਪ ਨੂੰ ਸੁੱਚਾ ਹੋਣ ਦਾ ਭਰਮ ਪਾਲਦਾ ਹੈ। ਬੰਸੋ ਉਸ ਵੇਲੇ ਸੁਚੇਤ ਹੁੰਦੀ ਹੈ, ਜਦੋਂ ਉਸਦਾ ਸਹੁਰਾ ਉਸਨੂੰ ਮਾਰਨ ਲਈ ਮਿੱਟੀ ਦਾ ਤੇਲ ਛਿੜਕਦਾ ਅਤੇ ਗਾਲ੍ਹਾਂ ਕੱਢਦਾ ਹੈ। ਮਰਦਾਵੀਂ ਸੋਚ ਪ੍ਰਤੀ ਬੰਸੋ ਦਾ ਵਿਦਰੋਹ ਇਸ ਪ੍ਰਕਾਰ ਉਜਾਗਰ ਹੁੰਦਾ ਹੈ,

*"ਬੰਸੋ ਅਚਾਨਕ ਸ਼ੇਰ ਵਾਂਗ ਗਰਜੀ ਸੀ, ਜਿਵੇਂ ਉਹਨੂੰ ਹੁਣੇ ਹੋਸ਼ ਆਈ ਹੋਵੇ, "ਹਾਂ ਮਾਰ ਦੇ ਮੈਨੂੰ, ਤੇਰੇ ਸਿਰ ਤੋਂ ਟੋਕਰਾ ਲਾਹਤਾ, ਢਹੀ ਹੋਈ ਕੋਠੜੀ ਵਿਚੋਂ ਕੱਢ ਕੇ ਪੱਕੇ ਮਕਾਨ 'ਚ ਬਿਠਾਤਾ, ਤੈਨੂੰ ਭੁੱਖੇ ਮਰਦੇ ਨੂੰ ਰੋਟੀ ਮਿਲਣ ਲੱਗ ਪੀ...।"*[10]

ਕਹਾਣੀ ਦੱਸਦੀ ਹੈ ਕਿ ਦਲਿਤ ਔਰਤਾਂ ਨੂੰ ਅਜੇ ਵੀ ਆਪਣੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਆਪਣਾ ਜਿਸਮ ਵੇਚ ਕੇ ਗੁਜ਼ਾਰਾ ਕਰਨਾ ਪੈਂਦਾ ਹੈ। ਜਾਤੀ ਦੀ ਬਣਤਰ ਐਨੀ ਪਰਪੱਕ ਹੋ ਚੁੱਕੀ ਹੈ ਕਿ ਧਰਮ ਵੀ ਇਸਨੂੰ ਪੂਰੀ ਤਰ੍ਹਾਂ ਮੁਕਤ ਨਹੀਂ ਕਰ ਸਕਿਆ। ਧਾਰਮਿਕ ਸਥਾਨਾਂ ਉੱਪਰ ਵੀ ਜਾਤੀਗਤ ਭੇਦਭਾਵ ਹਾਜ਼ਰ ਹੈ। 'ਨੰਗੇਜ਼' ਕਹਾਣੀ ਵਿਚ ਨੇਤਰ ਬੰਸੋ ਨੂੰ ਸੰਬੋਧਿਤ ਹੁੰਦਾ ਬੋਲਦਾ ਹੈ ਕਿ,

*"ਕੁੱਤੀ ਤੀਵੀਂ ਦੇਗ ਆਲੀ ਕੜਾਹੀ 'ਤੇ ਚੜ੍ਹੀ ਬੈਠੀ, ਮੇਰੀ ਦੇਗ ਖਾਣ ਨੂੰ ਵੱਢੀ ਰੂਹ ਨਾ ਕਰੇ, ਬਾਹਰ ਆਕੇ ਕੁੱਤਿਆ ਨੂੰ ਪਾਈ।"*[11]

ਇਸ ਪ੍ਰਕਾਰ ਧਰਮ ਪੂਰੀ ਤਰ੍ਹਾਂ ਜਾਤ-ਪਾਤ ਦਾ ਸਫਾਇਆ ਨਹੀਂ ਕਰ ਸਕਿਆ। ਧਾਰਮਿਕ ਸਥਾਨਾਂ ਉੱਪਰ ਵੀ ਕਿਸੇ ਨਾ ਕਿਸੇ ਰੂਪ ਵਿਚ ਨਿਮਨ ਸ਼੍ਰੇਣੀਆਂ ਨਾਲ ਭੇਦਭਾਵ ਕੀਤਾ ਮਿਲਦਾ ਹੈ। ਔਰਤ ਆਪਣੀ ਦੂਜੈਲੀ ਹੋਂਦ ਕਾਰਨ ਆਰੰਭ ਤੋਂ ਹੀ ਮਰਦ ਵੱਲੋਂ ਦੁਰਕਾਰੀ ਗਈ ਹੈ। ਜੇਕਰ ਕੋਈ ਔਰਤ ਬੁਰੇ ਕੰਮ ਕਰਦੀ ਹੈ ਅਤੇ ਉਹ ਸੁਧਰਨਾਂ ਵੀ ਚਾਹੁੰਦੀ ਹੈ ਤਾਂ ਵੀ ਮਰਦ ਪ੍ਰਧਾਨ ਸਮਾਜ ਉਸ ਨੂੰ ਭੋਗਣ ਦੇ ਲਾਲਚ ਅਧੀਨ ਸੁਧਰਨ ਦੀ ਪ੍ਰਵਾਨਗੀ ਨਹੀਂ ਦਿੰਦਾ ਉਹ ਹਰ ਮੋੜ 'ਤੇ ਜਿੱਥੋਂ ਤੱਕ ਹੋ ਸਕੇ ਉਸਦਾ ਸ਼ੋਸ਼ਣ ਕਰਨ ਦੀ ਤਾਕ ਵਿਚ ਰਹਿੰਦਾ ਹੈ। ਡਾ. ਚਰਨਜੀਤ ਕੌਰ ਅਨੁਸਾਰ,

*"ਆਮ ਸਮਝਿਆ ਜਾਂਦਾ ਹੈ ਕਿ ਵੇਸਵਾ ਗਮਨੀ ਪਿੱਛੇ ਗਰੀਬੀ ਦਾ ਹੱਥ ਹੁੰਦਾ ਹੈ। ਇਸ ਤੋਂ ਇਲਾਵਾ ਉਧਾਲਾ, ਬਚਪਨ ਦੀ ਗਲਤੀ ਜਾਂ ਕੁਝ ਹੋਰ ਕਾਰਨ ਵੀ ਹੋ ਸਕਦੇ ਹਨ। ਪਰ ਇਕ ਗੱਲ ਪੱਕੀ ਹੀ ਹੈ ਕਿ ਜੇ ਕੋਈ ਔਰਤ ਵੇਸਵਾ ਦਾ ਧੰਦਾ ਛੱਡ ਕੇ ਮੁੜ ਸਮਾਜਿਕ ਸਨਮਾਨ ਦਾ ਜੀਵਨ ਬਸਰ ਕਰਨਾ ਚਾਹੇ ਤਾਂ ਇਹ ਸਮਾਜਿਕ ਪਰੰਪਰਾਵਾਂ ਕਾਰਨ ਸੰਭਵ ਨਹੀਂ।"*[12]

ਇਹੀ ਔਰਤ ਦੀ ਹੋਣੀ ਦਾ ਦੁਖਾਂਤ ਹੋ ਨਿਬੜਦਾ ਹੈ। ਜਿਸ ਤੋਂ ਮੁਕਤੀ ਪਾਉਣ ਲਈ ਔਰਤ ਨੂੰ ਕਈ ਪੱਧਰਾਂ ਉੱਪਰ ਲੜਾਈਆਂ ਲੜਨੀਆਂ ਪੈਣਗੀਆਂ।

**ਉੱਚ ਸ਼੍ਰੇਣੀ ਨਾਲ ਸਬੰਧਿਤ ਔਰਤ** :

'ਖੂਹ ਖਾਤੇ' ਕਹਾਣੀ ਦੀ ਰੋਜ਼ੀ ਉੱਚ ਸ਼੍ਰੇਣੀ ਦੀ ਪ੍ਰਤੀਨਿਧਤਾ ਕਰਦੀ ਇਕ ਅਜਿਹੀ ਔਰਤ ਪਾਤਰ ਹੈ ਜੋ ਹਰ ਪੱਖ ਤੋਂ ਸਾਧਨ ਸੰਪੰਨ ਹੋਣ ਸਦਕਾ ਮਰਦ ਨੂੰ ਆਪਣੇ ਦਾਬੇ ਹੇਠ ਰੱਖਣ ਦੇ ਸਮਰੱਥ ਹੈ। ਸਮਾਜਿਕ ਸਰੋਕਾਰਾਂ ਜਾਂ ਰਿਸ਼ਤਿਆਂ ਨਾਲ ਜੇਕਰ ਉਸਦਾ ਕੋਈ ਸਬੰਧ ਹੈ ਤਾਂ ਉਹ ਸਿਰਫ ਆਪਣੇ (Economic Status) ਤੱਕ ਹੀ ਸੀਮਿਤ ਹੈ। 'ਖੂਹ ਖਾਤੇ' ਕਹਾਣੀ ਦੀ ਪਾਤਰ ਰੋਜ਼ੀ ਆਪਣੇ ਪਤੀ ਗਰੇਵਾਲ ਨੂੰ ਸਮਾਜਿਕ ਸਰੋਕਾਰਾਂ ਤੋਂ ਤੋੜ ਦੇਣ, ਨਿੱਜ ਤੱਕ ਸਮੇਟਣ ਦਾ ਯਤਨ ਕਰਦੀ ਹੈ, ਜਿਸ ਵਿਚ ਉਹ ਕਾਫ਼ੀ ਹੱਦ ਤੱਕ ਸਫ਼ਲ ਵੀ ਹੁੰਦੀ ਹੈ।

**ਸੁਚੇਤ ਤੇ ਅਗਾਂਹਵਧੂ ਔਰਤ** :

ਪੂੰਜੀਵਾਦ ਆਪਣੀਆਂ ਸੂਖਮ ਚਾਲਾਂ ਨਾਲ ਵਿਅਕਤੀ ਨੂੰ ਆਪਣੀਆਂ ਜੜ੍ਹਾਂ ਤੋਂ ਤੋੜ ਰਿਹਾ ਹੈ। ਡਾ. ਭੀਮ ਇੰਦਰ ਸਿੰਘ ਅਨੁਸਾਰ,

*"ਵਿਸ਼ਵੀਕਰਨ ਤੇ ਉਦਾਰੀਕਰਨ ਦੀ ਪ੍ਰਕਿਰਿਆ ਕਾਰਨ ਜਨ-ਸਮੂਹ ਮੰਡੀ ਦੀ ਤੋਰ ਵਿਚ ਹੀ ਬੱਦਲਿਆ ਪਿਆ ਹੈ। ਸਾਡਾ ਸਮਾਜ ਮੰਡੀ ਦੀ ਚਮਕ-ਦਮਕ ਅਤੇ ਉਸ ਅੰਦਰਲੇ ਤਾਣੇ-ਬਾਣੇ ਵਿਚ ਨਿਘਾਰ ਜਾਂ ਉਸਾਰ ਅਨੁਸਾਰ ਬਦਲ ਰਿਹਾ ਹੈ। ਅੱਜ ਅਸੀਂ ਵੇਖ ਰਹੇ ਹਾਂ ਕਿ ਸਮਾਜ ਨੂੰ ਸਿਰਫ਼ ਤੇ ਸਿਰਫ਼ ਪੈਸਾ ਕੰਟਰੋਲ ਕਰ ਰਿਹਾ ਹੈ। ਸਮਾਜ ਦੇ ਵੱਡੇ ਹਿੱਸੇ ਦੀ ਸੋਚ ਨੂੰ ਕਾਬੂ ਕਰਨ ਵਾਸਤੇ ਲੋੜਾਂ ਦੀ ਪੂਰਤੀ ਮੰਡੀ ਕਰ ਰਹੀ ਹੈ।"[3]*

ਸਮਕਾਲੀ ਦੌਰ ਵਿਚ ਵਿਸ਼ਵੀਕਰਨ ਦਾ ਮਾਰੂ ਪ੍ਰਭਾਵ, ਸੂਚਨਾ ਤਕਨੀਕ ਵਿਚ ਕ੍ਰਾਂਤੀ, ਨਵ-ਪੂੰਜੀਵਾਦ ਦਾ ਫੈਲਾਅ, ਗਲਬਾ ਆਦਿ ਨੇ ਸਾਡੇ ਸਾਹਿਤ ਅਤੇ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸਦੇ ਨਤੀਜੇ ਵਜੋਂ ਹੀ ਮਨੁੱਖੀ ਹੋਂਦ ਦੁਬਿਧਾਗ੍ਰਸਤ ਰੂਪ ਧਾਰਨ ਕਰਦੀ ਚਲੀ ਜਾ ਰਹੀ ਹੈ।

'ਸ਼ਾਇਦ ਰੰਮੀ ਮੰਨ ਜਾਏ' ਕਹਾਣੀ ਵਿਚ ਤਾਰੋ ਇਕ ਅਜਿਹੀ ਪਾਤਰ ਹੈ ਜੋ ਉਪਭੋਗਤਾਵਾਦੀ ਰੁਚੀਆਂ ਅੰਦਰ ਖਚਿਤ ਹੋ ਕੇ ਆਪਣੀ ਧੀ ਰੰਮੀ ਨੂੰ ਜਿਸਮ ਫਰੋਸ਼ੀ ਤੱਕ ਦਾ ਧੰਦਾ ਕਰਨ ਲਈ ਅਖੀਰ ਤੱਕ ਉਕਸਾਉਂਦੀ ਰਹਿੰਦੀ ਹੈ। ਤਾਰੋ ਆਪਣੀ ਧੀ ਬਾਰੇ ਸੋਚਦੀ ਕਹਿੰਦੀ ਹੈ ਕਿ,

*"ਹੁਣ ਆਹ ਕੁੜੀ ਦਿਨ ਰਾਤ ਕਿਤਾਬਾਂ ਨਾਲ ਮੱਥਾ ਮਾਰਦੀ ਆ। ਇਹਦੀਆਂ ਜਮਾਤਾਂ ਖੂਹ 'ਚ ਈ ਪੈ ਜਾਣੀਆਂ। ਮੈਂ ਤਾਂ ਆਹ ਫਗਵਾੜੇ ਵਾਲੇ ਪ੍ਰੋਗਰਾਮ 'ਤੋਂ ਪਹਿਲਾਂ ਈ ਬਿਮਲਾ ਦੀ ਮੰਨ ਲਈ ਆ। ਮੈਂ ਵੀ ਧੀ ਨੂੰ ਕਨੇਡਾ, ਅਮਰੀਕਾ, ਇੰਗਲੈਂਡ ਭੇਜਣ ਦੇ ਸੁਫਨੇ ਲੈਣ ਲੱਗੀ ਹਾਂ।...ਫੇਰ ਇਹ ਨੂੰ ਪੜ੍ਹਾਉਣਾ ਜ਼ਰੂਰੀ ਆ ? ਲੱਭੂ ਤੇ ਰੱਜੂ ਦਸਵੀਂ ਨਹੀਂ ਟੱਪੀਆਂ। ਮੁੰਡੇ ਇਥੇ ਤੱਕ ਵੀ ਨਹੀਂ ਪਹੁੰਚੇ।...ਚੱਲ ਰੋਟੀ ਤਾਂ ਚੱਜ ਦੀ ਖਾਂਦੇ ਆ। ਚੰਗਾ ਪਹਿਨਦੇ ਆ। ਨਿਆਣੇ ਤਰਸਦੇ ਤਾਂ ਨਹੀਂ। ਜੇ ਰੰਮੀ ਮੰਨ ਜਾਵੇ। ਸਾਡੇ ਵੀ ਸਾਰੇ ਧੋਣੇ ਧੋਤੇ ਜਾਣ।"[4]*

ਰੰਮੀ ਪੜ੍ਹਣ ਲਿਖਣ ਵਾਲੀ ਸੁਚੇਤ ਲੜਕੀ ਹੋਣ ਕਾਰਨ ਇਨਕਲਾਬੀ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਹੈ। ਉਹ ਆਪਣੀ ਜ਼ਿੰਦਗੀ ਇਕ ਖਾਸ ਵਿਚਾਰਧਾਰਾ ਦੇ ਰਸਤੇ ਉੱਪਰ ਚੱਲ ਕੇ ਗੁਜ਼ਾਰਨਾ ਚਾਹੁੰਦੀ ਹੈ। ਇਸੇ ਕਰਕੇ ਉਹ ਅਸਲੀਅਤ ਨੂੰ ਜਾਣਦੀ ਹੋਈ ਉਪਭੋਗਤਾਵਾਦੀ ਰੁਚੀਆਂ ਦੀ ਸ਼ਿਕਾਰ ਨਹੀਂ ਹੋਣਾ ਚਾਹੁੰਦੀ। ਰਜਨੀਸ਼ ਬਹਾਦਰ ਅਨੁਸਾਰ,

*"ਸ਼ਾਇਦ ਰੰਮੀ ਮੰਨ ਜਾਏ ਕਹਾਣੀ ਵਿਚ ਕਲਪਿਤ ਅਮੀਰੀ ਤੋਂ ਪ੍ਰੇਰਿਤ ਮੰਡੀ ਸਭਿਆਚਾਰ ਅਤੇ ਪਰੰਪਰਾਗਤ ਸਭਿਆਚਾਰ ਨਾਲ ਜੁੜੇ ਮਾਨਵੀ ਮੁੱਲਾਂ ਦੇ ਆਦਰਸ਼ ਦਾ ਸੰਘਰਸ਼ ਇਸ ਦੇ ਸੰਗਠਨ ਤੇ ਫੈਲਿਆ ਹੋਇਆ ਹੈ। ਰੰਮੀ ਦੀ ਮਾਂ ਲਈ ਡਾਂਸਰਾਂ ਦਾ ਪੈਸੇ ਕਮਾਉਣ ਦਾ ਢੰਗ ਗਰੀਬੀ ਤੋਂ ਛੁਟਕਾਰੇ ਦਾ ਸਾਧਨ ਹੈ। ਇਸ ਲਈ ਉਹ ਆਪਣੀ ਧੀ ਰੰਮੀ ਨੂੰ ਤਿਆਰ ਕਰਦੀ ਹੈ।"[5]*

'ਖੰਡੇ ਦੀ ਧਾਰ' ਕਹਾਣੀ ਸਦੀਆਂ ਤੋ ਦੱਬੀ ਕੁਚਲੀ ਔਰਤ ਦੇ ਚੇਤਨਾ ਗ੍ਰਹਿਣ ਕਰਨ ਦੀ ਕਹਾਣੀ ਹੈ। ਔਰਤ ਦੇ ਰੁਜ਼ਗਾਰ ਵਿਚ ਆਉਣ ਤੋਂ ਬਾਅਦ ਔਰਤ ਦੀ ਆਰਥਿਕ ਹਾਲਤ ਮਜ਼ਬੂਤ ਹੋਈ ਹੈ। ਕਮਜ਼ੋਰ ਆਰਥਿਕਤਾ ਇਕ ਅਜਿਹਾ ਕਾਰਨ ਹੈ, ਜਿਸ ਨੇ ਸਦੀਆਂ ਤੋ ਔਰਤ ਨੂੰ ਗੁਲਾਮੀ ਭੋਗਣ ਲਈ ਮਜ਼ਬੂਰ ਕਰੀ ਰੱਖਿਆ ਹੈ। ਅੱਜ ਆਰਥਿਕਤਾ ਵਿਚ ਮਰਦ ਬਰਾਬਰ ਯੋਗਦਾਨ ਪਾਉਣ ਸਦਕਾ ਔਰਤ ਆਪਣੇ ਹੱਕਾਂ ਪ੍ਰਤੀ ਚੇਤੰਨ ਹੁੰਦੀ ਦਿਖਾਈ ਦੇ ਰਹੀ ਹੈ। ਭਾਰਤੀ ਸਮਾਜ ਇਕ ਪਰੰਪਰਿਕ ਸਮਾਜ ਹੈ ਅਤੇ ਇਸ ਵਿਚ ਔਰਤ ਵਿਰੋਧੀ ਪਰੰਪਰਾਵਾਂ ਆਰੰਭ ਤੋਂ ਹੀ ਚੱਲੀਆਂ ਆ ਰਹੀਆਂ ਹਨ। ਔਰਤ ਜਦੋਂ ਇਨ੍ਹਾਂ ਪਰੰਪਰਾਵਾਂ ਤੋਂ ਉਲਟ ਦਿਸ਼ਾ ਵਿਚ ਜਾਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸਨੂੰ ਜਿਹੜੀਆਂ ਸਥਿਤੀਆਂ ਵਿਚੋਂ ਦੀ ਗੁਜ਼ਰਨਾ ਪੈਂਦਾ ਹੈ, ਉਹ ਸਥਿਤੀਆਂ ਖੰਡੇ ਦੀ ਧਾਰ ਨਾਲੋਂ ਵੀ ਤਿੱਖੀਆਂ ਹੁੰਦੀਆਂ ਹਨ। ਉਪਰੋਕਤ ਕਹਾਣੀ ਵਿਚ ਸੂਰਤ ਇਕ ਪੜ੍ਹੀ-ਲਿਖੀ ਸਰਕਾਰੀ ਨੌਕਰੀ ਕਰਦੀ ਲੜਕੀ ਹੈ। ਸੂਰਤ ਦੀ ਮੁੱਖ ਸਮੱਸਿਆ ਵਿਕਰਾਲ ਰੂਪ ਉਸ ਵੇਲੇ ਧਾਰਦੀ ਹੈ ਜਦੋਂ ਉਹ ਆਪਣੇ ਵਿਆਹ ਸਬੰਧੀ ਆਪ ਫੈਸਲਾ ਲੈਂਦੀ ਹੋਈ ਬੋਲਦੀ ਹੈ ਕਿ ਉਹ ਕੋਰਟ ਮੈਰਿਜ ਤਾਂ ਕਰਵਾ ਸਕੇਗੀ, ਪਰ ਮਰਦ ਦੇ ਪਿੱਛੇ-ਪਿੱਛੇ ਲੱਗ ਕੇ ਲਾਵਾਂ ਨਹੀਂ ਲੈ ਸਕਦੀ। ਕਹਾਣੀ ਬਿਰਤਾਂਤ ਰਾਹੀਂ ਇਹ ਗੱਲ ਉਸ ਵੇਲੇ ਉੱਭਰ ਕੇ ਸਾਹਮਣੇ ਆਉਦੀ ਹੈ ਜਦੋਂ ਸੂਰਤ ਆਪਣੇ ਬਾਪੂ ਨੂੰ ਆਪਣੇ ਵਿਆਹ ਸਬੰਧੀ ਆਪਣਾ ਪੱਖ ਦੱਸਦੀ ਹੈ ਕਿ,

*"ਵਿਆਹ ਤਾਂ ਤੁਸੀਂ ਜਿੱਥੇ ਠੀਕ ਸਮਝੋ, ਜਦ ਕਹੋ ਮੈਂ ਕਰਵਾ ਲਊਂ, ਪਰ ....ਮੈਂ ਕੋਰਟ ਮੈਰਿਜ ਕਰਵਾਉਣੀਐ- 'ਨੰਦ ਨੀ ਲੈਣੇ।"[6]*

ਇੱਥੇ ਔਰਤ ਆਪਣੇ ਹੱਕਾਂ ਪ੍ਰਤੀ ਅਤੇ ਸਮਾਜਿਕ ਜੀਵਨ ਵਿਚ ਬਰਾਬਰੀ ਪਾਉਣ ਲਈ ਤਰਲੋਮੱਛੀ ਹੁੰਦੀ ਦਿਖਾਈ ਦਿੰਦੀ ਹੈ। ਮਰਦ ਪ੍ਰਧਾਨ ਸਮਾਜ ਦੁਆਰਾ ਔਰਤ ਨੂੰ ਹਮੇਸ਼ਾਂ ਪਿੱਛੇ ਹੀ ਰੱਖਿਆ ਜਾਂਦਾ ਰਿਹਾ ਹੈ। ਜਿਸ ਵਿਚੋਂ ਹੀ ਅਜਿਹਾ ਰੋਸ ਸਾਹਮਣੇ ਆਇਆ ਹੈ।

ਸੂਰਤ ਇਸ ਕਹਾਣੀ ਰਾਹੀਂ ਸਾਡੇ ਸਮਾਜ ਦੁਆਰਾ ਪ੍ਰਚਲਿਤ ਧਾਰਮਿਕ ਰੀਤੀ-ਰਿਵਾਜ਼ਾਂ ਨੂੰ ਵੀ ਚੁਣੌਤੀ ਦਿੰਦੀ ਦਿਖਾਈ ਦੇ ਰਹੀ ਹੈ। ਕਿਉਂਕਿ ਧਰਮ ਨੇ

ਵੀ ਔਰਤ ਨੂੰ ਆਜ਼ਾਦੀ ਦੇਣ ਦੀ ਬਜਾਇ ਜ਼ੰਜੀਰਾਂ ਵਿਚ ਬੰਨ੍ਹਕੇ ਰੱਖਣ ਵਿਚ ਆਪਣਾ ਰੋਲ ਨਿਭਾਇਆ ਹੈ। ਸੂਰਤ ਸਦੀਆਂ ਤੋਂ ਲੱਗੀਆਂ ਬੰਦਿਸ਼ਾਂ ਤੋਂ ਮੁਕਤੀ ਪਾਉਣ ਦੀ ਗੱਲ ਸਾਡੇ ਸਮਾਜ ਅੱਗੇ ਰੱਖਦੀ ਹੈ ਪ੍ਰੰਤੂ ਉਸਦੇ ਘਰ ਦੇ ਪੁਰਾਤਨ ਸੋਚ ਵਾਲੇ ਹੋਣ ਕਾਰਨ ਉਸਦੇ ਰਾਹ ਵਿਚ ਅੜਚਣਾ ਪੈਦਾ ਕਰਦੇ ਹਨ। ਵਿਆਹ ਵੇਲੇ ਨੰਦਾਂ ਦੀ ਗੱਲ ਤੋਂ ਸੂਰਤ ਆਪਣੀ ਮਾਂ ਅੱਗੇ ਆਪਣਾ ਪੱਖ ਰੱਖਦੀ ਬੋਲਦੀ ਹੈ ਕਿ,

*"ਗੱਲ ਗੁਰੂ ਮਹਾਰਾਜ ਦੀ ਹਜੂਰੀ ਦੀ ਨੀ ਹੈ ਬੇਬੇ-ਗੱਲ ਤਾਂ ਇਹ ਐ ਬਈ ਮੈਥੋ ਕਿਸੇ ਦਾ ਲੜ ਫੜਕੇ, ਉਈਂ ਪਸ਼ੂਆਂ ਵਾਂਗ ਉਹਦੇ ਮਗਰ ਮਗਰ ਨੀ ਤੁਰ ਹੋਣਾ-।"*[17]

ਜਿਵੇਂ-ਜਿਵੇਂ ਔਰਤ ਰੁਜ਼ਗਾਰ ਦੇ ਖੇਤਰ ਵਿਚ ਆਪਣੀ ਪਕੜ ਮਜ਼ਬੂਤ ਬਣਾ ਰਹੀ ਹੈ ਉਸੇ ਪ੍ਰਕਾਰ ਉਹ ਆਪਣੀ ਹੋਂਦ ਪ੍ਰਤੀ ਸੁਚੇਤ ਹੋ ਰਹੀ ਹੈ। ਡਾ. ਚਰਨਜੀਤ ਕੌਰ ਅਨੁਸਾਰ,

*"ਪਰੰਪਰਕ ਔਰਤ ਆਪਣੀ ਬਜਾਇ ਸਮਾਜ ਲਈ ਜਿਉਂਦੀ ਸੀ। ਜਦੋਂ ਕਿ ਆਧੁਨਿਕ ਚੇਤਨ ਔਰਤ ਦੀ ਸਮੱਸਿਆ ਦਾ ਆਰੰਭ ਉਸਦੇ ਆਪਣੇ-ਆਪ ਨੂੰ ਵਿਅਕਤੀ ਵਜੋਂ ਪ੍ਰਵਾਨ ਕਰਾਉਣ ਤੋਂ ਸ਼ੁਰੂ ਹੁੰਦਾ ਹੈ। ਉਸਦੀਆਂ ਮੁੱਖ ਸਮੱਸਿਆਵਾਂ ਵਿਚ ਇਕ ਵਿਆਹ ਸਬੰਧੀ ਚੋਣ ਹੈ। ਜਿੱਥੇ ਪਰੰਪਰਕ ਔਰਤ ਦੀ ਵਿਆਹ ਸਬੰਧੀ ਚੋਣ ਦੀ ਸਮੱਸਿਆ ਸਿਰਫ ਖਾਂਦੇ ਪੀਂਦੇ ਘਰਦੇ, ਹਾਣ ਦੇ ਮੁੰਡੇ ਤੱਕ ਹੀ ਸੀਮਿਤ ਸੀ। ਉਥੇ ਆਧੁਨਿਕ ਔਰਤ ਦੀ ਸਮੱਸਿਆ ਉਮਰ, ਆਰਥਿਕਤਾ, ਰੁਤਬੇ ਤੋਂ ਲੈ ਕੇ ਮਾਨਸਿਕ ਪੱਧਰ ਦੀ ਬਰਾਬਰਤਾ ਤੱਕ ਹੈ।"*[18]

ਔਰਤ ਇਕ ਬਰਾਬਰੀ ਵਾਲੇ ਮਨੁੱਖ ਵਾਂਗ ਵਿਚਰਨ ਦੇ ਉਪਰਾਲਿਆ ਲਈ ਹੰਭਲੇ ਮਾਰ ਰਹੀ ਹੈ। ਇਸ ਕਹਾਣੀ ਵਿਚ ਸੂਰਤ ਧਾਰਮਿਕ ਰੀਤੀ-ਰਿਵਾਜ਼ਾਂ ਅਤੇ ਮੁੱਢ ਤੋਂ ਲੈ ਕੇ ਤੁਰੀਆਂ ਆਉਂਦੀਆਂ ਧਾਰਮਿਕ ਪਰੰਪਰਾਵਾਂ ਦਾ ਖੰਡਨ ਵੀ ਕਰਦੀ ਹੈ,

*"ਇਕ ਛੋਟੀ ਜਿਹੀ ਗੱਲ ਹੈ ਜੋ ਮੇਰੇ ਸਮਝ ਨਹੀਂ ਆਈ। ਉਹ ਇਹ ਹੈ ਕਿ ਭਾਰਤੀ ਧਾਰਮਿਕ ਪਰੰਪਰਾ ਅਤੇ ਖਾਸ ਤੌਰ 'ਤੇ ਧਾਰਮਿਕ ਗ੍ਰੰਥਾਂ ਵਿਚ, ਜੀਵ ਆਤਮਾ ਨੂੰ ਇਸਤਰੀ ਰੂਪ ਵਿਚ ਹੀ ਔਗੁਣਹਾਰੀ ਕਿਉਂ ਮੰਨਿਆ ਗਿਆ ਹੈ, ਪੁਰਸ਼ ਰੂਪ ਵਿਚ ਕਿਉਂ ਨਹੀਂ। ਮੈਨੂੰ ਤਾਂ ਇਹ ਔਰਤ ਦਾ ਘੋਰ ਅਪਮਾਨ ਲਗਦਾ ਹੈ।"*[19]

ਮਰਦ ਪ੍ਰਧਾਨ ਸਮਾਜ ਵਲੋਂ ਧਰਮ ਗ੍ਰੰਥਾਂ ਦੀ ਆੜ ਵਿਚ ਔਰਤ ਨੂੰ ਦਬਾ ਕੇ ਰੱਖਿਆ ਗਿਆ ਹੈ, ਪ੍ਰੰਤੂ ਅਜੋਕੇ ਵਿਗਿਆਨਕ ਯੁੱਗ ਵਿਚ ਔਰਤ ਚੇਤੰਨ ਹੋ ਕੇ ਵਿਦਰੋਹ ਦੇ ਰਾਹ ਪਈ ਹੈ। ਆਪਣੇ ਹੱਕਾਂ ਦੀ ਪ੍ਰਾਪਤੀ ਲਈ ਪਰੰਪਰਿਕ ਸੋਚ ਵਾਲੇ ਮਰਦ ਪ੍ਰਧਾਨ ਸਮਾਜ ਨਾਲ ਸੰਵਾਦ ਰਚਾਉਣਾ ਬਿਹਤਰ ਸਮਝਦੀ ਹੈ। ਆਪਣੀ ਗਿਆਨ ਸਮਰੱਥਾ ਕਾਰਨ ਸੂਰਤ ਸਥਾਪਿਤ ਧਾਰਮਿਕ ਤੇ ਨੈਤਿਕ ਕਦਰਾਂ-ਕੀਮਤਾਂ ਦੀ ਆਲੋਚਨਾ ਕਰਦੀ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ 'ਮਸਾਜ', 'ਤਿੜਕਿਆ ਸ਼ਤੀਰ' ਆਦਿ ਕਹਾਣੀਆਂ ਰਾਹੀਂ ਇਹ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਕਿ ਪੂੰਜੀਵਾਦ ਦੀ ਚਕਾਚੌਂਧ ਨੇ ਔਰਤ ਨੂੰ ਉਪਭੋਗੀ ਸਭਿਆਚਾਰ ਦੀ ਭੇਂਟ ਚੜ੍ਹਾ ਦਿੱਤਾ ਹੈ। ਪੂੰਜੀਵਾਦ ਆਪਣੀਆਂ ਸੂਖਮ ਚਾਲਾਂ ਰਾਹੀਂ ਵਿਅਕਤੀ ਨੂੰ ਆਪਣੀਆਂ ਜੜ੍ਹਾਂ ਨਾਲੋਂ ਤੋੜ ਰਿਹਾ ਹੈ। ਹਰ ਵਿਅਕਤੀ ਆਪਣੇ ਨਿੱਜ ਤੱਕ ਸੀਮਿਤ ਹੁੰਦਾ ਜਾ ਰਿਹਾ ਹੈ। ਪੂੰਜੀਵਾਦੀ ਸੋਚ ਕਾਰਨ ਰਿਸ਼ਤਿਆਂ ਵਿਚਲਾ ਨਿੱਘ ਅਤੇ ਮੋਹ ਖਤਮ ਹੁੰਦਾ ਜਾ ਰਿਹਾ ਹੈ ਅਤੇ ਪੈਸੇ ਦੀ ਅੰਨ੍ਹੀ ਹੋੜ ਕਾਰਨ ਪਵਿੱਤਰ ਰਿਸ਼ਤਿਆਂ ਦੀ ਬਲੀ ਦਿੱਤੀ ਜਾ ਰਹੀ ਹੈ। ਪੂੰਜੀਵਾਦ ਨੇ ਜਿੱਥੇ ਔਰਤ ਨੂੰ ਕੁਝ ਖੁੱਲ੍ਹਾਂ ਦਿਤੀਆਂ ਹਨ ਉਸਦੇ ਨਾਲ-ਨਾਲ ਔਰਤ ਦਾ ਸ਼ੋਸ਼ਣ ਪਹਿਲਾਂ ਨਾਲੋਂ ਵੀ ਵਧੇਰੇ ਹੋਣ ਲੱਗਿਆ ਹੈ। ਔਰਤ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। 'ਸ਼ੋਲਡਰ ਬੈਗ', 'ਜਦੋਂ ਧਰਤੀ ਡੋਲਦੀ ਹੈ', 'ਔਰਤ' ਅਤੇ 'ਮਸ਼ੀਨ' ਆਦਿ ਕਹਾਣੀਆਂ ਔਰਤ ਦੇ ਅਚੇਤ ਮਨ ਵਿਚ ਦੱਬੇ ਹੋਏ ਵੇਰਵਿਆਂ ਦੀ ਪੇਸ਼ਕਾਰੀ ਕਰਦੀਆਂ ਹਨ। ਚੇਤਨਾ ਆਉਣ ਨਾਲ ਔਰਤ ਨੇ ਆਪਣੇ ਅਚੇਤ ਮਨ ਵਿਚ ਦੱਬੇ ਪਏ ਖਿਆਲਾਂ ਨੂੰ ਸਮਾਜ ਸਾਹਮਣੇ ਉਜਾਗਰ ਕਰਨਾ ਸ਼ੁਰੂ ਕਰ ਦਿੱਤਾ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜੇਕਰ ਔਰਤ ਆਪਣੇ ਅਚੇਤ ਮਨ ਦੀ ਵਰਤੋਂ ਘਰ, ਪਰਿਵਾਰ ਅਤੇ ਸਮਾਜ ਲਈ ਕਰੇ ਤਾਂ ਉਸਨੂੰ ਵਿਕਾਸ ਕਿਹਾ ਜਾਵੇਗਾ, ਪ੍ਰੰਤੂ ਜੇਕਰ ਔਰਤ ਆਪਣੇ ਅਚੇਤ ਮਨ ਦੀ ਵਰਤੋਂ ਸਿਰਫ਼ ਆਪਣੀਆਂ ਦੇਹਵਾਦੀ ਰੁਚੀਆਂ ਦੀ ਪੂਰਤੀ ਲਈ ਕਰੇਗੀ ਤਾਂ ਇਸਨੂੰ ਵਿਨਾਸ ਹੀ ਕਿਹਾ ਜਾਵੇਗਾ। ਜਿਵੇਂ ਕਿ 'ਜਦੋ ਧਰਤੀ ਡੋਲਦੀ ਹੈ' ਕਹਾਣੀ ਦੀ ਪਾਤਰ ਡੈਮਨ ਦੀ ਮਿਸਾਲ ਦੇਖੀ ਜਾ ਸਕਦੀ ਹੈ। 'ਜੈਲੋ', 'ਰਖੇਲ', 'ਨੰਗੇਜ਼' ਅਤੇ 'ਚੁੱਪ ਦੇ ਅੰਦਰਲਾ ਸ਼ੋਰ' ਆਦਿ ਕਹਾਣੀਆਂ ਦਲਿਤ ਔਰਤ ਦੀ ਤ੍ਰਾਸਦਿਕ ਸਥਿਤੀ ਬਿਆਨਦੀਆਂ ਹਨ। ਦਲਿਤ ਔਰਤ ਦੋਹਰਾ ਸੰਤਾਪ ਹੰਢਾਉਣ ਲਈ ਮਜ਼ਬੂਰ ਹੁੰਦੀ ਹੈ, ਇਕ ਔਰਤ ਹੋਣ ਕਾਰਨ ਅਤੇ ਦੂਸਰਾ ਦਲਿਤ ਹੋਣ ਕਾਰਨ। 'ਖੂਹ ਖਾਤੇ' ਕਹਾਣੀ ਉੱਚ ਸ਼੍ਰੇਣੀ ਔਰਤ ਦੀ ਹਉਮੈਂ ਅਤੇ ਸਮਾਜਿਕ ਸਰੋਕਾਰਾਂ ਤੋਂ ਟੁੱਟੀ ਹੋਈ ਔਰਤ ਦੀ ਤਸਵੀਰ ਪੇਸ਼ ਕਰਦੀ ਹੈ। ਉੱਚ ਸ਼੍ਰੇਣੀ ਔਰਤ ਦੀ ਸੋਚਣੀ ਵਿਚ ਆਪਣੇ ਭਾਈਚਾਰਕ ਰਿਸ਼ਤਿਆਂ ਨਾਲੋਂ economic status (ਆਰਥਿਕ ਸਥਿਤੀ) ਵਧੇਰੇ ਮਹੱਤਤਾ ਪ੍ਰਾਪਤ ਕਰਦਾ ਜਾ ਰਿਹਾ ਹੈ। 'ਸ਼ਾਇਦ

ਰੰਮੀ ਮੰਨ ਜਾਏ' ਅਤੇ 'ਖੰਡੇ ਦੀ ਧਾਰ' ਆਦਿ ਕਹਾਣੀਆਂ ਸੁਚੇਤ ਅਤੇ ਅਗਾਂਹਵਧੂ ਔਰਤ ਦਾ ਅਕਸ ਪੇਸ਼ ਕਰਦੀਆਂ ਹਨ। 'ਖੰਡੇ ਦੀ ਧਾਰ' ਕਹਾਣੀ ਔਰਤ ਦੀ ਵਿਦਰੋਹੀ ਸੁਰ ਦੀ ਪੇਸ਼ਕਾਰੀ ਕਰਦੀ ਹੈ ਅਤੇ ਨਾਲੋ-ਨਾਲ ਇਹ ਸੰਦੇਸ਼ ਵੀ ਦਿੰਦੀ ਹੈ ਕਿ ਜੇਕਰ ਔਰਤ ਆਪਣੀਆਂ ਗੁਲਾਮੀ ਦੀਆਂ ਜ਼ੰਜੀਰਾਂ ਤੋੜਨਾ ਚਾਹੁੰਦੀ ਹੈ ਤਾਂ ਉਸਨੂੰ ਖੰਡੇ ਦੀ ਧਾਰ ਉੱਪਰ ਤੁਰਨਾ ਵੀ ਪਵੇਗਾ। ਅਜੋਕੀ ਔਰਤ ਪਰੰਪਰਕ ਕਦਰਾਂ-ਕੀਮਤਾਂ, ਮਰਿਆਦਾਵਾਂ ਅਤੇ ਮਰਦ ਪ੍ਰਧਾਨ ਸਮਾਜ ਦੀਆਂ ਕੂਟਨੀਤਕ ਚਾਲਾਂ ਨੂੰ ਚੁਣੌਤੀ ਦੇਣ ਦਾ ਉੱਦਮ ਕਰਨ ਲੱਗੀ ਹੈ। ਜਿੱਥੇ ਵਧੇਰੇ ਔਰਤਾਂ ਪੂੰਜੀਵਾਦੀ ਪ੍ਰਭਾਵ ਕਾਰਨ ਹਾਲੋਂ-ਬੇਹਾਲ ਹੋ ਰਹੀਆਂ ਹਨ, ਉੱਥੇ ਕਈ ਕੁੜੀਆਂ ਰੰਮੀ ਵਰਗੀਆਂ ਵੀ ਹਨ ਜਿਹੜੀਆਂ ਆਪਣੀਆਂ ਜੜ੍ਹਾਂ ਨਾਲ ਜੁੜ ਕੇ ਸਮਾਜਿਕ ਉੱਨਤੀ ਦਾ ਮਾਰਗ ਦਰਸ਼ਨ ਕਰਨ ਦੇ ਸਮਰੱਥ ਹਨ।

## *ਹਵਾਲੇ ਅਤੇ ਟਿੱਪਣੀਆਂ*


1. *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਅੱਠਵੀਂ ਵਾਰ, 2011, ਪੰਨਾ-24.*
2. *ਛਾਤਰ ਵਿਮਰਸ਼ (ਮਾਸਿਕ), ਅੰਕ-3, ਫਰਵਰੀ 2016, ਨਈ ਦਿੱਲੀ, ਪੰਨਾ-34.*
3. *ਬਲਦੇਵ ਸਿੰਘ ਧਾਲੀਵਾਲ, ਆਪਣੇ ਆਪਣੇ ਕਾਰਗਿਲ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ-107.*
4. *ਰਜਨੀ ਬਾਲਾ (ਡਾ.), ਨਾਰੀਵਾਦੀ ਚਿੰਤਨ ਅਤੇ ਪੰਜਾਬੀ ਕਹਾਣੀ, ਐੱਮ.ਪੀ. ਪ੍ਰਕਾਸ਼ਨ, ਦਿੱਲੀ, 2006, ਪੰਨਾ-57.*
5. *ਸ.ਪ. ਸਿੰਘ, ਜਸਵਿੰਦਰ ਸਿੰਘ(ਸੰਪਾ.), ਕਥਾ-ਪ੍ਰਵਾਹ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ-23.*
6. *ਉਹੀ, ਪੰਨਾ-24.*
7. *ਗੁਰਮੇਲ ਮਡਾਹੜ, ਮਹਾਂਬਲੀ, ਲਿਟਰੇਚਰ ਹਾਊਸ, ਅੰਮ੍ਰਿਤਸਰ, 1995, ਪੰਨਾ-72.*
8. *ਸਰੂਪ ਸਿਆਲਵੀ, ਪਿੰਡ ਅਜੇ ਜਿਉਂਦਾ ਹੈ, ਪਰਸੇਮ ਸਿੰਘ ਫੋਰਮੈਨ ਅਤੇ ਪਰਿਵਾਰ ਯਾਦਗਾਰੀ ਪ੍ਰਕਾਸ਼ਨ, ਭਾਦਸੋਂ, ਪਟਿਆਲਾ, 2001, ਪੰਨਾ-17.*
9. *ਜਤਿੰਦਰ ਸਿੰਘ ਹਾਂਸ, ਪਾਵੇ ਨਾਲ ਬੰਨ੍ਹਿਆ ਹੋਇਆ ਕਾਲ਼, ਕੁਕਨਸ ਪ੍ਰਕਾਸ਼ਨ, ਜਲੰਧਰ, 2005, ਪੰਨਾ-8.*
10. *ਉਹੀ, ਪੰਨਾ-10.*
11. *ਉਹੀ, ਪੰਨਾ-11.*
12. *ਚਰਨਜੀਤ ਕੌਰ (ਡਾ.), ਔਰਤ ਦਸ਼ਾ ਅਤੇ ਦਿਸ਼ਾ, ਪੀਪਲਜ਼ ਫ਼ੋਰਮ, ਬਰਗਾੜੀ, ਪੰਜਾਬ, ਦੂਜੀ ਵਾਰ 2012, ਪੰਨਾ-92.*
13. *ਭੀਮਇੰਦਰ ਸਿੰਘ (ਸੰਪਾ.), ਵਿਸ਼ਵੀਕਰਨ ਵਿਸ਼ਲੇਸ਼ਣ ਅਤੇ ਵਿਵੇਚਨ, ਕੁਕਨਸ ਪ੍ਰਕਾਸ਼ਨ, ਜਲੰਧਰ, 2006, ਪੰਨਾ-119.*
14. *ਰਜਨੀਸ਼ ਬਹਾਦਰ ਸਿੰਘ (ਸੰਪਾ.), ਮੱਲ੍ਹਮ ਤੇ ਹੋਰ ਕਹਾਣੀਆਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ-157.*
15. *ਉਹੀ, ਪੰਨਾ 11.*
16. *ਬਲਵਿੰਦਰ ਸਿੰਘ ਗਰੇਵਾਲ, ਯੁੱਧ ਖੇਤਰ, ਸਾਹਿਤ ਅਕਾਦੇਮੀ, ਨਵੀਂ ਦਿੱਲੀ, 2003, ਪੰਨਾ-107.*
17. *ਉਹੀ, ਪੰਨਾ-108.*
18. *ਚਰਨਜੀਤ ਕੌਰ (ਡਾ.), ਉਹੀ, ਪੰਨਾ- 88.*
19. *ਬਲਵਿੰਦਰ ਸਿੰਘ ਗਰੇਵਾਲ, ਉਹੀ, ਪੰਨਾ-115.*



### *Cite this Article-*

ਪ੍ਰੋ. ਕੁਲਵਿੰਦਰ ਸਿੰਘ *(Prof. Kulwinder Singh)*, **ਔਰਤ ਦੇ ਮਸਲੇ ਤੇ ਸਮਕਾਲੀ ਪੰਜਾਬੀ ਕਹਾਣੀ** *(AURAT DE MASLE TE SAMKALI PUNJABI KAHANI)*, ਅਰਮਾਨ *(ARMAAN), ISSN: 2583-9446, Volume 3, Issue 2, April-June 2025, Page: 46-53.*

***Journal URL:*** ***www.armaan.org.in***

***DOI: https://doi.org/10.64119/armaan.vol.3.issue2.09***



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*